# ਉਪਦੇਸ਼ਕ

**1** 1ਇਹ ਸ਼ਬਦ ਉਪਦੇਸ਼ਕ ਵੱਲੋਂ ਹਨ। ਉਹ ਉਪਦੇਸ਼ਕ
ਯਰੂਸ਼ਲਮ ਦੇ ਰਾਜੇ ਦਾਊਦ ਦਾ ਪੁੱਤਰ ਸੀ।
2ਉਪਦੇਸ਼ਕ ਆਖਦਾ ਹੈ, ਵਿਅਰਥਾਂ ਦਾ ਵਿਅਰਥ, ਵਿਅਰਥਾਂ ਦਾ
ਵਿਅਰਥ, ਸਭ ਕੁਝ ਵਿਅਰਥ ਹੈ। 3ਕੀ ਲੋਕਾਂ ਨੂੰ ਸੱਚਮੁੱਚ ਆਪਣੀ
ਸਖਤ ਮਿਹਨਤ ਤੋਂ ਲਾਭ ਹੁੰਦਾ ਹੈ?

### ਚੀਜ਼ਾਂ ਕਦੇ ਨਹੀਂ ਬਦਲਦੀਆਂ

4ਇੱਕ ਪੀੜ੍ਹੀ ਜਾਂਦੀ ਹੈ ਅਤੇ ਦੂਸਰੀ ਪੀੜ੍ਹੀ ਆ ਜਾਂਦੀ ਹੈ, ਪਰ
ਧਰਤੀ ਹਮੇਸ਼ਾ ਰਹਿੰਦੀ ਹੈ। 5ਸੂਰਜ ਚੜ੍ਹਦਾ ਹੈ ਅਤੇ ਸੂਰਜ ਛੁਪਦਾ
ਹੈ। ਅਤੇ ਫੇਰ ਸੂਰਜ ਕਾਹਲੀ ਨਾਲ ਦੁਬਾਰਾ ਓਸੇ ਥਾਂ ਚੜ੍ਹਦਾ ਹੈ।
6ਹਵਾ ਦੱਖਣ ਵੱਲ ਵਗਦੀ ਹੈ ਅਤੇ ਹਵਾ ਉੱਤਰ ਵੱਲ ਵਗਦੀ ਹੈ।
ਹਵਾ ਹਰ ਪਾਸੇ ਘੁੰਮਦੀ ਹੋਈ ਵਗਦੀ ਹੈ। ਫੇਰ ਹਵਾ ਮੁੜਦੀ ਹੈ ਅਤੇ
ਦੁਬਾਰਾ ਓਸੇ ਥਾਂ ਵੱਲ ਵਗਦੀ ਹੈ ਜਿਥੋਂ ਸ਼ੁਰੂ ਹੋਈ ਸੀ।
7ਸਾਰੇ ਦਰਿਆ ਬਾਰ ਬਾਰ ਓਸੇ ਥਾਂ ਵੱਲ ਵਗਦੇ ਹਨ। ਉਹ ਸਾਰੇ
ਸਮੁੰਦਰ ਵੱਲ ਵਗਦੇ ਹਨ ਪਰ ਸਮੁੰਦਰ ਕਦੇ ਨਹੀਂ ਭਰਦਾ।
8ਇਹ ਸਭ ਗੱਲਾਂ ਥਕਾਉਣ ਵਾਲੀਆਂ ਹਨ, ਲੋਕ ਕਦੇ ਵੀ ਉਨ੍ਹਾਂ
ਬਾਰੇ ਗੱਲਾਂ ਕਰਨੋ ਨਹੀਂ ਹਟਦੇ, ਪਰ ਉਨ੍ਹਾਂ ਦੀਆਂ ਅੱਖਾਂ ਵੇਖਣ
ਨਾਲ ਕਦੇ ਵੀ ਸੰਤੁਸ਼ਟ ਨਹੀਂ ਹੁੰਦੀਆਂ, ਅਤੇ ਉਨ੍ਹਾਂ ਦੇ ਕੰਨ ਸੁਣਨ
ਨਾਲ ਨਹੀਂ ਭਰਦੇ।

### ਕੁਝ ਨਵਾਂ ਨਹੀਂ

9ਸਾਰੀਆਂ ਚੀਜ਼ਾਂ ਓਸੇ ਤਰ੍ਹਾਂ ਰਹਿੰਦੀਆਂ ਹਨ ਜਿਵੇਂ ਉਹ ਅਤੀਤ
ਸਮਿਆਂ ਵਿੱਚ ਸਨ। ਜਿਹੜੀਆਂ ਗੱਲਾਂ ਵਾਪਰਦੀਆਂ ਰਹੀਆਂ,
ਵਾਪਰਦੀਆਂ ਰਹਿਣਗੀਆਂ। ਇਸ ਦੁਨੀਆ ਵਿੱਚ ਕੁਝ ਵੀ ਨਵਾਂ
ਨਹੀਂ ਹੈ।
10ਭਾਵੇਂ ਕੋਈ ਬੰਦਾ ਆਖੇ, "ਦੇਖੋ ਇਹ ਨਵੀਂ ਚੀਜ਼ ਹੈ!" ਪਰ
ਉਹ ਚੀਜ਼ ਹਮੇਸ਼ਾ ਹੀ ਓੱਥੇ ਰਹੀ ਹੈ। ਇਹ ਸਾਡੇ ਜਨਮ ਤੋਂ ਪਹਿਲਾਂ
ਵੀ ਇੱਥੇ ਸੀ।
11ਇੱਥੇ ਪੁਰਾਣੀਆਂ ਪੀੜ੍ਹੀਆਂ ਦੀ ਕੋਈ ਯਾਦਗਾਰੀ ਨਹੀਂ, ਅਤੇ
ਜਿਹੜੀਆਂ ਪੀੜ੍ਹੀਆਂ ਹਾਲੇ ਆਉਣ ਵਾਲੀਆਂ ਹਨ, ਉਨ੍ਹਾਂ ਦੁਆਰਾ
ਯਾਦ ਨਹੀਂ ਕੀਤੀਆਂ ਜਾਣਗੀਆਂ ਜਿਹੜੀਆਂ ਉਨ੍ਹਾਂ ਤੋਂ ਬਾਦ ਵਿੱਚ
ਆਉਣਗੀਆਂ।

### ਕੀ ਸਿਆਣਪ ਖੁਸ਼ੀ ਦਿੰਦੀ ਹੈ?

12ਮੈਂ ਉਪਦੇਸ਼ਕ, ਯਰੂਸ਼ਲਮ ਵਿੱਚ ਇਸਰਾਏਲ ਦਾ ਰਾਜਾ ਸਾਂ। 13ਮੈਂ
ਸਿਆਣਪ ਨਾਲ ਭਾਲ ਕਰਨ ਲਈ ਨਿੱਕਲ ਪਿਆ ਜਿਹੜੀਆਂ ਸਭ
ਗੱਲਾਂ ਇਸ ਜੀਵਨ ਵਿੱਚ[a] ਵਾਪਰਦੀਆਂ ਹਨ। ਮੈਂ ਜਾਣਿਆ ਕਿ
ਪਰਮੇਸ਼ੁਰ ਨੇ ਜਿਹੜਾ ਉਦੇਸ਼ ਲੋਕਾਂ ਨੂੰ ਆਪਣੇ-ਆਪ ਨੂੰ ਵਿਅਸਤ
ਰੱਖਣ ਲਈ ਦਿੱਤਾ ਬਹੁਤ ਬੁਰਾ ਵਿਉਪਾਰ ਹੈ। 14ਮੈਂ ਇਸ ਧਰਤੀ
ਉੱਤੇ ਵਾਪਰ ਰਹੀਆਂ ਸਾਰੀਆਂ ਗੱਲਾਂ ਵੱਲ ਦੇਖਿਆ ਅਤੇ ਮੈਂ
ਦੇਖਿਆ ਕਿ ਇਹ ਸਭ ਕੁਝ ਵਿਅਰਥ ਸੀ। ਇਹ ਹਵਾ ਨੂੰ ਫੜਨ
ਦੀ ਕੋਸ਼ਿਸ਼ ਕਰਨ ਵਾਂਗ[b] ਹੈ। 15ਜੋ ਵਿੰਗਾ ਹੋਇਆ ਸਿੱਧਾ ਨਹੀਂ
ਕੀਤਾ ਜਾ ਸਕਦਾ, ਅਤੇ ਜਿੱਥੇ ਕਿਤੇ ਕੁਝ ਨਾ ਹੋਵੇ, ਓੱਥੇ ਗਿਣਨ
ਲਈ ਕੁਝ ਨਹੀਂ ਹੁੰਦਾ।
16ਮੈਂ ਆਪਣੇ ਆਪ ਨੂੰ ਆਖਿਆ, "ਮੈਂ ਬਹੁਤ ਬੁੱਧੀਮਾਨ ਹਾਂ।
ਮੈਂ ਉਨ੍ਹਾਂ ਸਾਰੇ ਰਾਜਿਆਂ ਨਾਲੋਂ ਵੱਧ ਬੁੱਧੀਮਾਨ ਹਾਂ ਜਿਨ੍ਹਾਂ ਨੇ ਮੇਰੇ ਤੋਂ
ਪਹਿਲਾਂ ਯਰੂਸ਼ਲਮ ਉੱਤੇ ਰਾਜ ਕੀਤਾ ਅਤੇ ਮੇਰੇ ਮਨ ਨੇ ਧਿਆਨ
ਨਾਲ ਸਿਆਣਪ ਅਤੇ ਗਿਆਨ ਦਾ ਨਿਰੀਖਣ ਕੀਤਾ!"
17ਅਤੇ ਮੈਂ ਆਪਣੇ ਮਨ ਨੂੰ ਸਿਆਣਪ ਅਤੇ ਗਿਆਨ, ਅਤੇ
ਮੂਰਖਤਾਈ ਅਤੇ ਬੇਵਕੂਫ਼ੀ ਦਾ ਅਨੁਭਵ ਕਰਨ ਦਿੱਤਾ। ਪਰ ਮੈਂ
ਜਾਣਿਆ ਕਿ ਸਿਆਣਾ ਬਣਨ ਦੀ ਕੋਸ਼ਿਸ਼ ਹਵਾ ਨੂੰ ਫੜਨ ਦੀ
ਕੋਸ਼ਿਸ਼ ਕਰਨ ਵਾਂਗ ਹੈ। 18ਕਿਉਂਕਿ ਬਹੁਤੀ ਸਿਆਣਪ ਨਾਲ
ਬਹੁਤਾ ਗੁੱਸਾ ਆਉਂਦਾ ਹੈ, ਅਤੇ ਉਹ ਜਿਹੜਾ ਵਧੇਰੇ ਗਿਆਨ
ਪ੍ਰਾਪਤ ਕਰਦਾ, ਉਹ ਸਿਰ ਦਰਦੀ ਵਧਾਉਂਦਾ ਹੈ।

### ਕੀ "ਮੌਜ ਮਸਤੀ" ਖੁਸ਼ੀ ਦੇ ਸਕਦੀ ਹੈ?

**2** 1ਮੈਂ ਆਪਣੇ ਆਪ ਨੂੰ ਆਖਿਆ, "ਮੈਨੂੰ ਪ੍ਰਸੰਸਾ ਨੂੰ ਪਰਖਣ ਦੇ
ਅਤੇ ਅਨੰਦ ਦਾ ਅਨੁਭਵ ਕਰਨ ਦੇ।" ਪਰ ਮੈਂ ਜਾਣ ਲਿਆ
ਕਿ ਇਹ ਵੀ ਵਿਅਰਥ ਹੈ। 2ਦਿਲ ਪਰਚਾਵੇ ਬਾਰੇ ਮੈਂ ਆਖਿਆ:
"ਇਹ ਬੇਵਕੂਫ਼ੀ ਹੈ!" ਅਤੇ ਪ੍ਰਸੰਨਤਾ ਬਾਰੇ: "ਅਸਲ ਵਿੱਚ ਇਹ
ਕੀ ਲਿਆਉਂਦੀ ਹੈ?"
3ਮੈਂ ਆਪਣੇ ਮਨ ਨਾਲ ਪਰਖਿਆ ਕਿ ਪੀਣ ਤੋਂ ਬਾਦ ਆਪਣੇ
ਸਰੀਰ ਤੇ ਕਾਬੂ ਰੱਖਣਾ ਕਿਵੇਂ ਹੈ (ਮੇਰਾ ਮਨ, ਕਿਵੇਂ ਵੀ, ਸਿਆਣਪ
ਦੁਆਰਾ ਨਿਯੰਤ੍ਰਿਤ ਸੀ, ਅਤੇ ਗ਼ਲਤੀ ਨਾਲ ਅੱਗੇ ਨਹੀਂ ਵਧਿਆ
ਸੀ।) ਮੈਂ ਵੇਖਣਾ ਚਾਹੁੰਦਾ ਸੀ ਕਿ ਇਨਸਾਨਾਂ ਲਈ ਦੁਨੀਆ ਵਿੱਚ
ਆਪਣੇ ਗਿਣਤੀ ਦੇ ਦਿਨਾਂ ਦੌਰਾਨ, ਕੀ ਕਰਨਾ ਚੰਗਾ ਹੈ।

### ਕੀ ਸਖਤ ਮਿਹਨਤ ਖੁਸ਼ੀ ਦਿੰਦੀ ਹੈ?

4ਫੇਰ ਮੈਂ ਵੱਡੇ ਵੱਡੇ ਕੰਮ ਕਰਨੇ ਆਰੰਭ ਕੀਤੇ। ਮੈਂ ਆਪਣੇ ਲਈ
ਇੱਕ ਘਰ ਬਣਾਏ ਅਤੇ ਅੰਗੂਰਾਂ ਦੇ ਬਾਗ ਲਾਏ। 5ਮੈਂ ਆਪਣੇ
ਲਈ ਬਗ਼ੀਚੇ ਅਤੇ ਬਾਗ਼ ਲਗਾਏ ਅਤੇ ਹਰ ਤਰ੍ਹਾਂ ਦੇ ਫ਼ਲਦਾਰ

---

[a] ***1:13* ਇਸ ਜੀਵਨ ਵਿੱਚ** ਮੂਲ ਅਰਥ, "ਸੂਰਜ ਦੇ ਹੇਠਾਂ।"

[b] ***1:14* ਹਵਾ ਨੂੰ ਫੜਨ ਦੀ ਕੋਸ਼ਿਸ਼ ਕਰਨ ਵਾਂਗ** ਜਾਂ "ਇਹ ਆਤਮੇ ਨੂੰ ਦੁਖੀ ਕਰਨਾ ਹੈ।" "ਦੁਖੀ" ਲਈ ਸ਼ਬਦ ਦਾ ਅਰਥ "ਇੱਛਾ ਕਰਨੀ" ਵੀ ਹੋ ਸਕਦਾ ਹੈ ਅਤੇ "ਆਤਮੇ" ਲਈ ਸ਼ਬਦ ਦਾ ਅਰਥ "ਹਵਾ" ਵੀ ਹੋ ਸਕਦਾ ਹੈ। ਆਇਤ 17 ਵਿੱਚ ਵੀ।

ਰੁੱਖ ਉਗਾਏ। 6ਮੈਂ ਤਲਾਅ ਬਣਵਾਏ, ਜਿਨ੍ਹਾਂ ਨੂੰ ਮੈਂ ਆਪਣੇ ਲਈ
ਉਗਾਏ ਹੋਏ ਰੁੱਖਾਂ ਦੇ ਜੰਗਲ ਨੂੰ ਪਾਣੀ ਦੇਣ ਲਈ ਵਰਤਿਆ। 7ਮੈਂ
ਦਾਸ ਤੇ ਦਾਸੀਆਂ ਖਰੀਦੀਆਂ। ਅਤੇ ਮੇਰੇ ਘਰ ਵਿੱਚ ਕੁਝ ਦਾਸ
ਪੈਦਾ ਵੀ ਹੋਏ। ਮੇਰੀਆਂ ਬਾਕੀ ਸਾਰੀਆਂ ਮਲਕੀਅਤਾਂ, ਪਸ਼ੂ ਅਤੇ
ਭੇਡਾਂ, ਬਹੁਤ ਸਾਰੀਆਂ ਸਨ, ਉਸ ਕਿਸੇ ਨਾਲੋਂ ਵੀ ਵਧੇਰੇ ਜੋ ਮੇਰੇ ਤੋਂ
ਪਹਿਲਾਂ ਯਰੂਸ਼ਲਮ ਵਿੱਚ ਰਹਿੰਦਾ ਸੀ।

8ਮੈਂ ਆਪਣੇ ਲਈ ਚਾਂਦੀ ਅਤੇ ਸੋਨਾ ਇਕੱਠਾ ਕੀਤਾ। ਮੈਂ ਰਾਜਿਆਂ
ਅਤੇ ਕੌਮਾਂ ਪਾਸੋਂ ਖਜ਼ਾਨੇ ਵੀ ਲੁੱਟੇ। ਮੇਰੇ ਪਾਸ ਗਾਉਣ ਵਾਲੇ ਮਰਦ
ਅਤੇ ਔਰਤਾਂ ਅਤੇ ਹਰ ਇਨਸਾਨੀ ਪ੍ਰਸੰਨਤਾ ਸੀ।

9ਮੈਂ ਬਹੁਤ ਅਮੀਰ ਤੇ ਪ੍ਰਸਿੱਧ ਅਤੇ ਆਪਣੇ ਤੋਂ ਪਹਿਲਾਂ
ਯਰੂਸ਼ਲਮ ਵਿੱਚ ਰਹਿਣ ਵਾਲੇ ਕਿਸੇ ਵੀ ਹੋਰ ਬੰਦੇ ਨਾਲੋਂ ਮਹਾਨ
ਬਣ ਗਿਆ। ਅਤੇ ਮੇਰੀ ਸਿਆਣਪ ਵੀ ਮੇਰੇ ਸੰਗ ਹੀ ਰਹੀ। 10ਜੋ
ਕੁਝ ਵੀ ਮੇਰੀਆਂ ਅੱਖਾਂ ਨੇ ਵੇਖਿਆ ਅਤੇ ਚਾਹਿਆ ਮੈਂ ਹਾਸਲ
ਕਰ ਲਿਆ। ਮੈਂ ਆਪਣੇ ਦਿਲ ਲਈ ਕਿਸੇ ਵੀ ਅਨੰਦ ਤੋਂ ਨਹੀਂ
ਵਰਜਿਆ, ਅਸਲ ਵਿੱਚ, ਮੇਰੇ ਦਿਲ ਨੇ ਮੇਰੇ ਕੀਤੇ ਹਰ ਕੰਮ ਵਿੱਚ
ਅਨੰਦ ਮਹਿਸੂਸ ਕੀਤਾ, ਅਤੇ ਇਹੀ ਹੈ ਜੋ ਮੈਂ ਆਪਣੇ ਸਾਰੇ ਕੰਮ ਤੋਂ
ਪ੍ਰਾਪਤ ਕੀਤਾ।

11ਪਰ ਤਦ ਮੈਂ ਫੇਰ ਉਨ੍ਹਾਂ ਸਾਰੀਆਂ ਚੀਜ਼ਾਂ ਵੱਲ ਦੇਖਿਆਂ ਜੋ ਮੈਂ
ਕੀਤੀਆਂ ਸਨ। ਜਿਨ੍ਹਾਂ ਨੂੰ ਹਾਸਲ ਕਰਨ ਲਈ ਮੈਂ ਸਖਤ ਮਿਹਨਤ
ਕੀਤੀ ਸੀ। ਮੈਂ ਵੇਖਿਆ ਕਿ ਇਹ ਸਭ ਕੁਝ ਵਿਅਰਥ ਸੀ। ਇਹ
ਹਵਾ ਨੂੰ ਫ਼ੜਨ ਦੀ ਕੋਸ਼ਿਸ਼ ਵਾਂਗ ਸੀ। ਇਸ ਦੁਨੀਆ ਵਿੱਚ ਲਾਭ
ਹਾਸਲ ਕਰਨ ਲਈ ਕੁਝ ਨਹੀਂ।

## ਸ਼ਾਇਦ ਸਿਆਣਪ ਹੀ ਉੱਤਰ ਹੈ

12ਤਦ ਮੈਂ ਫਿਰ ਤੋਂ ਸਿਆਣਪ, ਅਤੇ ਗ਼ਲਤੀ ਅਤੇ ਮੂਰਖਤਾਈ ਤੇ
ਸੋਚ-ਵਿਚਾਰ ਕੀਤਾ। ਰਾਜੇ ਤੋਂ ਬਾਦ ਆਉਣ ਵਾਲਾ ਵਿਅਕਤੀ ਉਸ
ਤੋਂ ਇਲਾਵਾ ਕੀ ਕੰਮ ਕਰੇਗਾ ਜੋ ਪਹਿਲਾਂ ਹੀ ਰਾਜੇ ਦਾ ਕੀਤਾ ਹੋਇਆ
ਸੀ। 13ਮੈਂ ਦੇਖਿਆ ਕਿ ਅਕਲਮੰਦੀ ਬੇਵਕੂਫ਼ੀ ਨਾਲੋਂ ਓਸੇ ਤਰ੍ਹਾਂ
ਲਾਭਦਾਇਕ ਹੈ ਜਿਵੇਂ ਰੌਸ਼ਨੀ ਹਨੇਰੇ ਨਾਲੋਂ ਲਾਭਦਾਇਕ ਹੈ। 14ਇਹ
ਇਸ ਤਰ੍ਹਾਂ ਹੈ: ਜਿਵੇਂ ਸਿਆਣਾ ਬੰਦਾ ਆਪਣੇ ਮਨ ਦੀ ਵਰਤੋਂ ਅੱਖਾਂ
ਵਾਂਗੂ ਦੇਖਣ ਲਈ ਕਰਦਾ ਹੈ ਕਿ ਉਹ ਕਿੱਧਰ ਜਾ ਰਿਹਾ ਹੈ। ਪਰ
ਮੂਰਖ ਓਸ ਬੰਦੇ ਵਰਗਾ ਹੈ ਜਿਹੜਾ ਹਨੇਰੇ ਵਿੱਚ ਚੱਲ ਰਿਹਾ ਹੈ।

ਪਰ ਮੈਂ ਇਹ ਵੀ ਦੇਖਿਆ ਕਿ ਮੂਰਖ ਬੰਦਾ ਅਤੇ ਸਿਆਣਾ ਬੰਦਾ
ਅਖੀਰੀ ਇੱਕੋ ਜਿਹੇ ਅੰਤ ਉੱਤੇ ਪਹੁੰਚਦੇ ਹਨ। 15ਮੈਂ ਸੋਚਿਆ, "ਜਿਸ
ਅੰਤ ਨੂੰ ਮੂਰਖ ਮਿਲਦਾ, ਮੈਂ ਵੀ ਉਸੇ ਨੂੰ ਹੀ ਮਿਲਾਂਗਾ। ਇਸ ਲਈ,
ਮੈਂ ਸਿਆਣਾ ਬਣਨ ਲਈ ਕਿਉਂ ਇੰਨੀ ਸਖਤ ਮਿਹਨਤ ਕੀਤੀ?" ਮੈਂ
ਆਪਣੇ-ਆਪ ਨੂੰ ਆਖਿਆ, "ਇਹ ਵੀ ਵਿਅਰਥ ਹੈ।" 16ਕਿਉਂਕਿ
ਕੋਈ ਵੀ ਸਿਆਣੇ ਜਾਂ ਮੂਰਖ ਨੂੰ ਸਦਾ ਲਈ ਚੇਤੇ ਨਹੀਂ ਰੱਖੇਗਾ।
ਬਹੁਤ ਹੀ ਜਲਦੀ ਭਵਿੱਖ ਵਿੱਚ, ਲੋਕ ਉਨ੍ਹਾਂ ਦੋਹਾਂ ਨੂੰ ਭੁੱਲ ਜਾਣਗੇ।
ਇਹ ਕਿੰਨਾ ਮਾੜਾ ਹੈ ਇੱਕ ਸਿਆਣਾ ਵਿਅਕਤੀ ਬਿਲਕੁਲ ਇੱਕ
ਮੂਰਖ ਵਾਂਗ ਹੀ ਮਰਦਾ ਹੈ।

## ਕੀ ਜੀਵਨ ਵਿੱਚ ਸੱਚੀ ਖੁਸ਼ੀ ਹੈ?

17ਅਤੇ ਮੈਂ ਜ਼ਿੰਦਗੀ ਨੂੰ ਨਫ਼ਰਤ ਕੀਤੀ, ਕਿਉਂਕਿ ਜੋ ਦੁਨੀਆ ਵਿੱਚ
ਵਾਪਰ ਰਿਹਾ ਇਸ ਨੇ ਮੈਨੂੰ ਪੂਰੀ ਤਰ੍ਹਾਂ ਪਰੇਸ਼ਾਨ ਕਰ ਦਿੱਤਾ, ਏਸ
ਲਈ ਸਭ ਕੁਝ ਵਿਅਰਥ ਅਤੇ ਹਵਾ ਨੂੰ ਫ਼ੜਨ ਦੀ ਕੋਸ਼ਿਸ਼ ਵਾਂਗ ਹੈ।

18ਮੈਂ ਆਪਣੇ ਸਾਰੇ ਕੰਮਾਂ ਦੇ ਨਤੀਜਿਆਂ ਨੂੰ ਨਫ਼ਰਤ ਕੀਤੀ, ਜਿਸ
ਵਾਸਤੇ ਮੈਂ ਇਸ ਦੁਨੀਆ ਵਿੱਚ ਸਖਤ ਮਿਹਨਤ ਕੀਤੀ, ਕਿਉਂਕਿ
ਇਸ ਨੂੰ ਮੈਨੂੰ ਉਸ ਵਿਅਕਤੀ ਲਈ ਛੱਡ ਦੇਣਾ ਪਵੇਗਾ ਜੋ ਮੇਰੇ
ਮਗਰੋਂ ਆਵੇਗਾ। 19ਅਤੇ ਕੌਣ ਜਾਣਦਾ ਕਿ ਕੀ ਉਹ ਸਿਆਣਾ
ਹੋਵੇਗਾ ਜਾਂ ਮੂਰਖ, ਪਰ ਉਹ ਸਭ ਕਾਸੇ ਦਾ ਮਾਲਕ ਬਣੇਗਾ।
ਮੈਂ ਸਖਤ ਮਿਹਨਤ ਕੀਤੀ ਅਤੇ ਇਸ ਜ਼ਿੰਦਗੀ ਵਿੱਚ ਆਪਣੀ
ਸਿਆਣਪ ਵਰਤੀ। ਇਹ ਵੀ ਵਿਅਰਥ ਹੈ।

20ਇਸ ਲਈ ਮੈਂ ਬਦਲ ਗਿਆ, ਅਤੇ ਇਸ ਦੁਨੀਆ ਵਿੱਚ ਮੇਰੀ
ਸਖਤ ਮਿਹਨਤ ਦੀ ਉਪਜ ਬਾਰੇ ਆਪਣੇ ਦਿਲ ਨੂੰ ਸਾਰੀਆਂ ਝੂਠੀਆਂ
ਆਸਾਂ ਛੱਡਣ ਲਈ ਮਜਬੂਰ ਕੀਤਾ। 21ਕੋਈ ਬੰਦਾ ਆਪਣੀ ਸਾਰੀ
ਸਿਆਣਪ ਅਤੇ ਗਿਆਨ ਦੀ ਸਹਾਇਤਾ ਨਾਲ ਸਖਤ ਮਿਹਨਤ
ਕਰ ਸਕਦਾ ਹੈ। ਪਰ ਉਹ ਬੰਦਾ ਮਰ ਜਾਵੇਗਾ ਅਤੇ ਬਾਕੀ ਜਣੇ ਉਹ
ਚੀਜ਼ਾਂ ਹਾਸਲ ਕਰਨਗੇ ਜਿਨ੍ਹਾਂ ਲਈ ਉਸ ਨੇ ਕੰਮ ਕੀਤਾ ਸੀ। ਉਨ੍ਹਾਂ
ਲੋਕਾਂ ਨੇ ਕੰਮ ਨਹੀਂ ਕੀਤਾ ਹੋਵੇਗਾ, ਪਰ ਤਾਂ ਵੀ ਉਹ ਹਰ ਚੀਜ਼ ਪ੍ਰਾਪਤ
ਕਰ ਲੈਣਗੇ। ਇਹ ਵੀ ਵਿਅਰਥ ਅਤੇ ਇੱਕ ਬੜਾ ਅਨਿਆਂ ਹੈ।

22ਆਪਣੇ ਜੀਵਨ ਭਰ ਦੇ ਸੰਘਰਸ਼ ਅਤੇ ਕੰਮ ਤੋਂ ਮਗਰੋਂ ਕੋਈ
ਬੰਦਾ ਅਸਲ ਵਿੱਚ ਕੀ ਹਾਸਲ ਕਰਦਾ ਹੈ? 23ਉਸ ਦੇ ਸਾਰੇ ਦਿਨ
ਦਰਦਮਈ ਹਨ, ਉਸ ਦੀ ਸਰਗਰਮੀ ਉਦਾਸਮਈ ਹੈ, ਅਤੇ ਰਾਤ
ਵੇਲੇ ਵੀ ਉਸ ਦੇ ਮਨ ਨੂੰ ਆਰਾਮ ਨਹੀਂ ਮਿਲਦਾ, ਇਹ ਵੀ ਵਿਅਰਥ
ਹੈ।

24-25ਸਭ ਤੋਂ ਚੰਗੀ ਗੱਲ ਜੋ ਬੰਦਾ ਕਰ ਸਕਦਾ ਹੈ ਉਹ ਹੈ ਖਾਣਾ,
ਪੀਣਾ ਅਤੇ ਉਸ ਵਿੱਚ ਅਨੰਦ ਮਾਣਨਾ ਜੋ ਉਸ ਨੂੰ ਕਰਨਾ ਚਾਹੀਦਾ।
ਪਰ ਮੈਂ ਦੇਖਿਆ ਕਿ ਇਹ ਵੀ ਪਰਮੇਸ਼ੁਰ ਵੱਲੋਂ ਹੈ। ਕਿਉਂਕਿ ਆਪਣੇ
ਲਈ ਉਸ ਉੱਤੇ ਨਿਰਭਰ ਹੋਇਆਂ ਬਿਨਾਂ ਕੁਝ ਨਹੀਂ ਕਰ ਸਕਦਾ ਹੈ।
26ਜਿਸ ਬੰਦੇ ਨਾਲ ਉਹ ਪ੍ਰਸੰਨ ਹੈ ਪਰਮੇਸ਼ੁਰ ਉਸ ਨੂੰ ਸਿਆਣਪ,
ਗਿਆਨ ਅਤੇ ਖੁਸ਼ੀ ਦਿੰਦਾ। ਪਰ ਉਹ ਪਾਪੀ ਨੂੰ ਪੀੜਾ ਦਿੰਦਾ, ਉਹ
ਉਸ ਤੋਂ ਇਕੱਠਾ ਅਤੇ ਜਮ੍ਹਾਂ ਕਰਵਾਉਂਦਾ ਸਿਰਫ਼ ਉਸ ਵਿਅਕਤੀ
ਨੂੰ ਅਗਾਂਹ ਦੇਣ ਲਈ ਜਿਸ ਨਾਲ ਪਰਮੇਸ਼ੁਰ ਪ੍ਰਸੰਨ ਹੈ। ਪਰ ਇਹ
ਸਾਰਾ ਕੰਮ ਵਿਅਰਥ ਅਤੇ ਹਵਾ ਨੂੰ ਫੜਨ ਵਰਗਾ ਹੈ।

## ਸਮਾਂ ਹੈ ...

**3** 1ਹਰ ਕੰਮ ਦਾ ਇੱਕ ਵਕਤ ਹੈ। ਅਤੇ ਹਰ ਗੱਲ ਧਰਤੀ ਉੱਤੇ
ਇਸ ਦੀ ਰੁੱਤ ਵਿੱਚ ਵਾਪਰੇਗੀ।

2 ਇੱਕ ਜੰਮਣ ਦਾ ਸਮਾਂ ਹੈ, ਅਤੇ ਇੱਕ ਮਰਨ ਦਾ ਸਮਾਂ
ਹੈ। ਇੱਕ ਪੌਦਾ ਬੀਜਣ ਦਾ ਸਮਾਂ ਹੈ, ਅਤੇ ਇੱਕ ਇਸ ਨੂੰ
ਪੁੱਟਣ ਦਾ ਸਮਾਂ ਹੈ।

3 ਇੱਕ ਮਾਰਨ ਦਾ ਸਮਾਂ ਹੈ, ਅਤੇ ਇੱਕ ਚੰਗੇ ਕਰਨ ਦਾ ਸਮਾਂ
ਹੈ। ਇੱਕ ਢਾਉਣ ਦਾ ਸਮਾਂ ਹੈ, ਅਤੇ ਇੱਕ ਉਸਾਰਨ ਦਾ
ਸਮਾਂ ਹੈ।

4 ਇੱਕ ਰੋਣ ਦਾ ਸਮਾਂ ਹੈ, ਅਤੇ ਇੱਕ ਹੱਸਣ ਦਾ ਸਮਾਂ ਹੈ।
ਇੱਕ ਸੋਗ ਕਰਨ ਦਾ ਸਮਾਂ ਹੈ, ਅਤੇ ਇੱਕ ਖੁਸ਼ੀ ਨਾਲ
ਨੱਚਣ ਦਾ ਸਮਾਂ ਹੈ।

5 ਇੱਕ ਪੱਥਰ ਸੁੱਟਣ ਦਾ ਸਮਾਂ ਹੈ, ਅਤੇ ਇੱਕ ਪੱਥਰ ਇਕੱਠੇ
ਕਰਨ ਦਾ ਸਮਾਂ ਹੈ। ਇੱਕ ਗਲ ਲੱਗਣ ਦਾ ਸਮਾਂ ਹੈ, ਅਤੇ
ਇੱਕ ਗਲ ਲੱਗਣ ਤੋਂ ਦੂਰ ਰਹਿਣ ਦਾ ਸਮਾਂ ਹੈ।

6 ਇੱਕ ਲੱਭਣ ਦਾ ਸਮਾਂ ਹੈ, ਅਤੇ ਇੱਕ ਗੁਆਉਣ ਦਾ ਸਮਾਂ
ਹੈ। ਇੱਕ ਰੱਖਣ ਦਾ ਸਮਾਂ ਹੈ, ਅਤੇ ਇੱਕ ਸੁੱਟ ਦੇਣ ਦਾ
ਸਮਾਂ ਹੈ।

7 ਇੱਕ ਕੱਪੜੇ ਨੂੰ ਪਾੜਨ ਦਾ ਸਮਾਂ ਹੈ, ਅਤੇ ਇੱਕ ਉਸ ਨੂੰ
ਸਿਉਣ ਦਾ ਸਮਾਂ ਹੈ। ਇੱਕ ਖਾਮੋਸ਼ ਰਹਿਣ ਦਾ ਸਮਾਂ ਹੈ,
ਅਤੇ ਇੱਕ ਬੋਲਣ ਦਾ ਸਮਾਂ ਹੈ।
8 ਇੱਕ ਪਿਆਰ ਕਰਨ ਦਾ ਸਮਾਂ ਹੈ, ਅਤੇ ਇੱਕ ਨਫਰਤ
ਕਰਨ ਦਾ ਸਮਾਂ ਹੈ। ਇੱਕ ਯੁੱਧ ਦਾ ਸਮਾਂ ਹੈ, ਅਤੇ ਇੱਕ
ਸ਼ਾਂਤੀ ਦਾ ਸਮਾਂ ਹੈ।

## ਪਰਮੇਸ਼ੁਰ ਆਪਣੀ ਦੁਨੀਆ ਤੇ ਨਿਯੰਤ੍ਰਣ ਰੱਖਦਾ ਹੈ

9ਕਾਮੇ ਨੂੰ ਭਲਾ ਆਪਣੀ ਮਜ਼ਦੂਰੀ ਤੋਂ ਕੀ ਲਾਭ ਮਿਲਦਾ ਹੈ? 10ਮੈਂ
ਉਸ ਸਾਰੀ ਸਖਤ ਮਿਹਨਤ ਵੱਲ ਵੇਖਿਆ ਜਿਹੜੀ ਪਰਮੇਸ਼ੁਰ ਨੇ
ਇਨਸਾਨਾਂ ਨੂੰ ਕਰਨ ਲਈ ਦਿੱਤੀ ਹੈ। 11ਉਹ ਆਪਣੇ ਸਮੇਂ ਵਿੱਚ ਸਭ
ਕੁਝ ਖੂਬਸੂਰਤੀ ਨਾਲ ਕਰਦਾ, ਅਤੇ ਉਸ ਨੇ ਸੰਸਾਰ ਦਾ ਗਿਆਨ
ਵੀ ਇਨਸਾਨਾਂ ਦੇ ਮਨ ਵਿੱਚ ਪਾਇਆ। ਪਰ ਫ਼ੇਰ ਵੀ ਇਨਸਾਨਾਂ
ਨੂੰ ਪਤਾ ਨਹੀਂ ਲੱਗ ਸਕਦਾ ਕਿ ਪਰਮੇਸ਼ੁਰ, ਸ਼ੁਰੂਆਤ ਤੋਂ ਅੰਤ ਤੀਕ
ਕੀ ਕਰ ਰਿਹਾ ਹੈ।
12ਮੈਂ ਜਾਣਿਆਂ ਕਿ ਲੋਕਾਂ ਲਈ ਕਰਨ ਵਾਲੀ ਸਭ ਤੋਂ ਵਧੀਆ ਗੱਲ
ਇਹੀ ਹੈ ਕਿ ਉਹ ਜਿੰਨਾ ਚਿਰ ਜੀਉਂਦੇ ਹਨ ਅਨੰਦ ਮਾਨਣ। 13ਅਤੇ
ਜੇਕਰ ਕੋਈ ਵਿਅਕਤੀ ਆਪਣੀ ਮਜਦੂਰੀ ਦਾ ਫ਼ਲ ਖਾਣ ਅਤੇ ਪੀਣ
ਅਤੇ ਮਾਨਣ ਦੇ ਯੋਗ ਹੈ, ਇਹ ਪਰਮੇਸ਼ੁਰ ਵੱਲੋਂ ਸੁਗਾਤ ਹੈ।
14ਮੈਂ ਸਮਝ ਲਿਆ ਕਿ ਜੋ ਕੁਝ ਵੀ ਪਰਮੇਸ਼ੁਰ ਕਰਦਾ ਹੈ ਉਹ
ਸਦਾ ਰਹੇਗਾ। ਲੋਕ ਪਰਮੇਸ਼ੁਰ ਦੇ ਕੰਮ ਵਿੱਚ ਕਿਸੇ ਚੀਜ਼ ਦਾ ਵਾਧਾ
ਨਹੀਂ ਕਰ ਸਕਦੇ ਅਤੇ ਲੋਕ ਪਰਮੇਸ਼ੁਰ ਦੇ ਕੰਮ ਵਿੱਚੋਂ ਕੋਈ ਚੀਜ਼
ਘਟਾ ਨਹੀਂ ਸਕਦੇ। ਪਰਮੇਸ਼ੁਰ ਅਜਿਹਾ ਲੋਕਾਂ ਤੋਂ ਇੱਜ਼ਤ ਪ੍ਰਾਪਤ
ਕਰਨ ਲਈ ਕਰਦਾ ਹੈ। 15ਜੋ ਕੁਝ ਵੀ ਅਤੀਤ ਵਿੱਚ ਵਾਪਰਿਆ
ਹੁਣ ਵਾਪਰ ਰਿਹਾ ਹੈ। ਅਤੇ ਜੋ ਕੁਝ ਵੀ ਭਵਿੱਖ ਵਿੱਚ ਵਾਪਰੇਗਾ
ਪਹਿਲਾਂ ਹੀ ਅਤੀਤ ਵਿੱਚ ਵਾਪਰ ਚੁੱਕਿਆ ਹੈ। ਪਰਮੇਸ਼ੁਰ ਗੱਲਾਂ ਨੂੰ
ਕ੍ਰਮਵਾਰ ਚਲਾਉਂਦਾ ਹੈ।[a]
16ਮੈਂ ਇਨ੍ਹਾਂ ਚੀਜ਼ਾਂ ਨੂੰ ਇਸ ਜੀਵਨ ਵਿੱਚ ਵੀ ਦੇਖਿਆ। ਮੈਂ
ਨਿਆਂ ਦੀ ਜਗ੍ਹਾ ਤੇ ਅਨਿਆਂ ਵੇਖਿਆ, ਅਤੇ ਦੁਸ਼ਟ ਲੋਕਾਂ ਨੂੰ ਉਸ
ਜਗ੍ਹਾ ਤੇ ਵੇਖਿਆ ਜਿੱਥੇ ਧਰਮੀਆਂ ਨੂੰ ਹੋਣਾ ਚਾਹੀਦਾ ਸੀ। 17ਮੈਂ
ਆਪਣੇ-ਆਪ ਨੂੰ ਆਖਿਆ, "ਪਰਮੇਸ਼ੁਰ ਦੁਸ਼ਟ ਅਤੇ ਧਰਮੀ ਲੋਕਾਂ
ਦਾ ਨਿਆਂ ਕਰੇਗਾ, ਕਿਉਂਕਿ ਹਰ ਮਸਲੇ ਲਈ ਸਮਾਂ ਹੁੰਦਾ ਹੈ, ਅਤੇ
ਹਰ ਕਾਸੇ ਦੀ ਆਪਣੀ ਤਕਦੀਰ ਹੈ।"



## ਕੀ ਲੋਕ ਜਾਨਵਰਾਂ ਵਰਗੇ ਹੀ ਹਨ?

18ਮੈਂ ਇਨਸਾਨਾਂ ਬਾਰੇ ਸੋਚਿਆ: "ਪਰਮੇਸ਼ੁਰ ਚਾਹੁੰਦਾ ਹੈ ਕਿ ਲੋਕ
ਦੇਖਣ ਕਿ ਉਹ ਵੀ ਪਸ਼ੂ ਹੀ ਹਨ। 19ਕਿਉਂ ਜੋ ਇਨਸਾਨਾਂ ਅਤੇ
ਪਸ਼ੂਆਂ ਦਾ ਨਸੀਬ ਬਿਲਕੁਲ ਇੱਕੋ ਜਿਹਾ ਹੈ। ਇੱਕ ਬਿਲਕੁਲ
ਦੂਸਰੇ ਵਾਂਗ ਹੀ ਮਰਦਾ ਅਤੇ ਦੋਹਾਂ ਲਈ ਇੱਕੋ ਜਿਹਾ ਆਤਮਾ
ਹੈ। ਇੱਕ ਇਨਸਾਨ ਨੂੰ ਪਸ਼ੂ ਨਾਲੋਂ ਕੋਈ ਫ਼ਾਇਦਾ ਨਹੀਂ, ਉਹ ਦੋਵੇਂ
ਵਿਅਰਥ ਹਨ। 20ਕੀ ਦੋਵੇਂ ਇੱਕੋ ਥਾਵੇਂ ਨਹੀਂ ਜਾਣਗੇ? ਦੋਵੇਂ ਮਿੱਟੀ
ਤੋਂ ਬਣੇ ਹਨ, ਅਤੇ ਉਹ ਮਿੱਟੀ ਵਿੱਚ ਵਾਪਸ ਚਲੇ ਜਾਣਗੇ। 21ਕੌਣ
ਜਾਣਦਾ? ਕੀ ਇਨਸਾਨ ਦਾ ਆਤਮਾ ਉਤਾਹਾਂ ਚੜ੍ਹੇ ਅਤੇ ਪਸ਼ੂ ਦਾ
ਆਤਮਾ ਹੇਠਾਂ ਧਰਤੀ 'ਚ ਹੇਠਾਂ ਲਹਿ ਜਾਵੇ।"
22ਇਸ ਲਈ, ਮੈਂ ਦੇਖਿਆ ਕਿ ਸਭ ਤੋਂ ਚੰਗੀ ਗੱਲ ਜੋ ਬੰਦਾ ਕਰ
ਸਕਦਾ ਉਹ ਹੈ ਆਪਣੇ ਕੰਮ ਵਿੱਚ ਅਨੰਦ ਰਹੇ ਇਸ ਲਈ ਜੋ ਉਸ
ਦਾ ਭਾਗ ਇਹੋ ਹੈ। ਕਿਉਂਕਿ ਜੋ ਕੁਛ ਉਸ ਦੀ ਮੌਤ ਤੋਂ ਬਾਦ ਹੋਵੇਗਾ
ਉਸ ਦੇ ਵੇਖਣ ਨੂੰ ਕੌਣ ਉਹ ਨੂੰ ਮੋੜ ਲਿਆਵੇਗਾ।

## ਕੀ ਮਰਨਾ ਬਿਹਤਰ ਹੈ?

4 1ਇੱਕ ਵਾਰ ਫੇਰ, ਮੈਂ ਦੇਖਿਆ ਕਿ ਬਹੁਤ ਸਾਰੇ ਲੋਕ ਸਤਾਏ
ਹੋਏ ਹਨ। ਮੈਂ ਉਨ੍ਹਾਂ ਦੇ ਹੰਝੂ ਦੇਖੇ ਅਤੇ ਮੈਂ ਦੇਖਿਆ ਕਿ ਇੱਥੇ
ਉਨ੍ਹਾਂ ਨੂੰ ਦਿਲਾਸਾ ਦੇਣ ਵਾਲਾ ਕੋਈ ਨਹੀਂ ਸੀ ਅਤੇ ਮੈਂ ਦੇਖਿਆ ਕਿ
ਜ਼ਾਲਮ ਲੋਕਾਂ ਕੋਲ ਸਾਰੀ ਤਾਕਤ ਸੀ ਅਤੇ ਸਤਾਏ ਹੋਏ ਲੋਕਾਂ ਨੂੰ
ਦਿਲਾਸਾ ਦੇਣ ਵਾਲਾ ਕੋਈ ਨਹੀਂ ਸੀ। 2ਮੈਂ ਫੈਸਲਾ ਕੀਤਾ ਕਿ ਜਿਹੜੇ
ਮਰ ਚੁੱਕੇ ਹਨ ਉਹ ਉਨ੍ਹਾਂ ਨਾਲੋਂ ਚੰਗੇ ਜੋ ਕਿ ਅਜੇ ਜੀਉਂਦੇ ਹਨ। 3ਅਤੇ
ਉਨ੍ਹਾਂ ਦੋਹਾਂ ਨਾਲੋਂ ਉਹ ਚੰਗਾ ਉਹ ਹੈ ਜੋ ਹਾਲੇ ਜੰਮਿਆ ਹੀ ਨਹੀਂ, ਅਤੇ
ਜਿਸ ਨੇ ਉਨ੍ਹਾਂ ਸਾਰੀਆਂ ਬਦੀਆਂ ਦਾ ਅਨੁਭਵ ਨਹੀਂ ਕੀਤਾ ਜੋ ਇਸ
ਦੁਨੀਆ ਵਿੱਚ ਵਾਪਰ ਰਹੀਆਂ ਹਨ।

## ਇੰਨੀ ਸਖਤ ਮਿਹਨਤ ਕਿਉਂ?

4ਫੇਰ ਮੈਂ ਸੋਚਿਆ, "ਲੋਕ ਇੰਨੀ ਸਖਤ ਮਿਹਨਤ ਕਿਉਂ ਕਰਦੇ ਹਨ?"
ਮੈਂ ਦੇਖਿਆ ਕਿ ਲੋਕ ਸਫ਼ਲ ਹੋਣ ਲਈ ਅਤੇ ਹੋਰਾਂ ਨਾਲੋਂ ਬਿਹਤਰ
ਹੋਣ ਦੀ ਕੋਸ਼ਿਸ਼ ਕਰਦੇ ਹਨ। ਕਿਉਂਕਿ ਉਹ ਈਰਖਾਲੂ ਹਨ। ਉਹ
ਨਹੀਂ ਚਾਹੁੰਦੇ ਕਿ ਦੂਸਰੇ ਲੋਕਾਂ ਕੋਲ ਉਨ੍ਹਾਂ ਨਾਲੋਂ ਬਿਹਤਰ ਹੋਣ। ਇਹ
ਵੀ ਵਿਅਰਥ ਹੈ ਅਤੇ ਇਹ ਹਵਾ ਨੂੰ ਫੜਨ ਦੀ ਕੋਸ਼ਿਸ਼ ਵਾਂਗ ਹੈ।
5ਕੁਝ ਲੋਕ ਆਖਦੇ ਹਨ, "ਹੱਥ ਤੇ ਹੱਥ ਧਰਕੇ ਬੈਠੇ ਰਹਿਣਾ ਅਤੇ
ਕੁਝ ਨਾ ਕਰਨਾ, ਮੂਰਖਤਾ ਹੈ। ਜੇ ਤੁਸੀਂ ਕੰਮ ਨਹੀਂ ਕਰੋਗੇ ਤਾਂ ਭੁੱਖੇ
ਮਰੋਗੇ।" 6ਸ਼ਾਇਦ ਇਹ ਠੀਕ ਹੋਵੇ, ਪਰ ਮੈਂ ਆਖਦਾ ਹਾਂ ਕਿ ਦੋਂਹ
ਮੁੱਠੀ ਭਰਨ ਨਾਲੋਂ ਜਿਹਦੇ ਵਿੱਚ ਕਸ਼ਟ ਹੋਵੇ ਉਸ ਨਾਲੋਂ ਸੁੱਖ ਦੀ ਇੱਕ
ਮੁੱਠੀ ਭਰ ਚੰਗੀ ਹੈ। ਇਹ ਵੀ ਹਵਾ ਨੂੰ ਫ਼ੜਨ ਦੀ ਕੋਸ਼ਿਸ਼ ਵਾਂਗ ਹੈ।
7ਫੇਰ ਮੈਂ ਇਸ ਦੁਨੀਆ ਵਿੱਚ ਇੱਕ ਹੋਰ ਵਿਅਰਥ ਚੀਜ਼ ਵੇਖੀ:
8ਹੋ ਸਕਦਾ ਹੈ ਕਿਸੇ ਬੰਦੇ ਦਾ ਪਰਿਵਾਰ ਵੀ ਨਾ ਹੋਵੇ। ਹੋ ਸਕਦਾ ਹੈ
ਉਸ ਦਾ ਕੋਈ ਪੁੱਤਰ ਜਾਂ ਭਰਾ ਨਾ ਹੋਵੇ। ਪਰ ਉਹ ਸਖਤ ਮਿਹਨਤ
ਕਰਨੀ ਨਹੀਂ ਛੱਡਦਾ। ਉਹ ਕਦੇ ਵੀ ਉਸ ਤੋਂ ਸੰਤੁਸ਼ਟ ਨਹੀਂ ਹੁੰਦਾ
ਜੋ ਉਸ ਦੇ ਪਾਸ ਹੈ। ਅਤੇ ਇੰਨੀ ਸਖਤ ਮਿਹਨਤ ਕਰਦਾ ਹੈ ਕਿ
ਉਹ ਕਦੇ ਵੀ ਰੁਕਦਾ ਨਹੀਂ ਅਤੇ ਆਪਣੇ-ਆਪ ਨੂੰ ਪੁੱਛਦਾ ਨਹੀਂ,
"ਭਈ ਕਿਸ ਖਾਤਰ ਮੈਂ ਇੰਨੀ ਸਖਤ ਮਿਹਨਤ ਕਰ ਰਿਹਾ ਹਾਂ ਅਤੇ
ਆਪਣੀ ਜਿੰਦਗੀ ਵਿੱਚ ਅਨੰਦ ਕਿਉਂ ਨਹੀਂ ਮਾਣ ਰਿਹਾ ਹਾਂ?" ਇਹ
ਵੀ ਵਿਅਰਥ ਅਤੇ ਇੱਕ ਬੁਰੀ ਗੱਲ ਹੈ।

## ਮਿੱਤਰ ਅਤੇ ਪਰਿਵਾਰ ਤਾਕਤ ਦਿੰਦੇ ਹਨ

9ਇੱਕ ਬੰਦੇ ਨਾਲੋਂ ਦੋ ਬਿਹਤਰ ਹਨ। ਜਦੋਂ ਦੋ ਬੰਦੇ ਮਿਲ ਕੇ ਕੰਮ
ਕਰਦੇ ਹਨ ਉਹ ਆਪਣੇ ਕੰਮ ਤੋਂ ਵਧੇਰੇ ਲਾਭ ਹਾਸਲ ਕਰਦੇ ਹਨ।
10ਜੇ ਇੱਕ ਬੰਦਾ ਡਿੱਗ ਪਵੇ ਤਾਂ ਦੂਸਰਾ ਬੰਦਾ ਉਸ ਦੀ ਸਹਾਇਤਾ
ਕਰ ਸਕਦਾ ਹੈ, ਪਰ ਇੱਕ ਇਕੱਲੇ ਬੰਦੇ ਲਈ ਇਹ ਹੋਰ ਵੀ ਭੈੜਾ
ਹੈ ਜੇਕਰ ਉਹ ਡਿੱਗ ਪੈਂਦਾ ਹੈ ਤਾਂ ਉਸ ਦੀ ਸਹਾਇਤਾ ਕਰਨ ਵਾਲਾ
ਕੋਈ ਨਹੀਂ ਹੁੰਦਾ।
11ਜਦੋਂ ਦੋ ਬੰਦੇ ਇਕੱਠੇ ਸੌਂਦੇ ਹਨ ਉਹ ਨਿੱਘੇ ਰਹਿਣਗੇ। ਪਰ
ਜੇਕਰ ਬੰਦਾ ਇਕੱਲਾ ਸੌਂਦਾ ਤਾਂ ਉਹ ਕਿਵੇਂ ਨਿੱਘਾ ਹੋਵੇਗਾ।
12ਜੇਕਰ ਦੋਹਾਂ ਵਿੱਚੋਂ ਇੱਕ ਤੇ ਹਮਲਾ ਹੁੰਦਾ, ਦੋਵੇਂ ਇਕੱਠੇ

[a] *3:15* ਜਾਂ "ਜੋ ਹੁਣ ਵਾਪਰਦਾ ਅਤੀਤ ਵਿੱਚ ਵੀ ਵਾਪਰਿਆ ਸੀ। ਜੋ ਗੱਲਾਂ ਭਵਿੱਖ ਵਿੱਚ ਵਾਪਰਨਗੀਆਂ ਪਹਿਲਾਂ ਵੀ ਵਾਪਰੀਆਂ ਹਨ। ਪਰਮੇਸ਼ੁਰ ਗੱਲਾਂ ਨੂੰ ਦੁਬਾਰਾ-ਦੁਬਾਰਾ ਵਾਪਰਨ ਦਿੰਦਾ ਹੈ।"

ਆਪਣੇ-ਆਪ ਦਾ ਬਚਾਉ ਕਰਨਗੇ। ਅਤੇ ਤੇਹਰੀ ਰੱਸੀ ਹੋਰ ਵੀ ਮਜ਼ਬੂਤ ਹੁੰਦੀ ਹੈ ਅਤੇ ਇਹ ਜਲਦੀ ਨਹੀਂ ਟੁੱਟਦੀ।

### ਲੋਕ, ਰਾਜਨੀਤੀ ਅਤੇ ਪ੍ਰਸਿੱਧੀ

13ਇੱਕ ਗਰੀਬ ਪਰ ਸਿਆਣਾ ਜੁਆਨ ਇੱਕ ਬੁੱਢੇ ਮੂਰਖ ਰਾਜੇ ਨਾਲੋਂ
ਬਿਹਤਰ ਹੈ। ਬੁੱਢਾ ਰਾਜਾ ਚੇਤਾਵਨੀਆਂ ਨੂੰ ਨਹੀਂ ਸਨਦਾ। 14ਕਿਉਂਕਿ ਉਹ
ਰਾਜਾ ਬਣਨ ਲਈ ਕੈਦ ਵਿੱਚੋਂ ਬਾਹਰ ਆਇਆ, ਭਾਵੇਂ ਉਹ ਰਾਜ ਵਿੱਚ
ਇੱਕ ਗਰੀਬ ਆਦਮੀ ਵਜੋਂ ਜੰਮਿਆ ਸੀ। 15ਅਤੇ ਮੈਂ ਇਸ ਦੁਨੀਆ
ਵਿੱਚ ਰਹਿੰਦੇ ਸਾਰਿਆਂ ਨੂੰ ਇਸ ਜੁਆਨ ਦਾ ਅਨੁਸਰਣ ਕਰਦਿਆਂ
ਵੇਖਿਆ ਜੋ ਰਾਜੇ ਦੇ ਸਥਾਨ ਤੇ ਖੜ੍ਹਾ ਹੋਇਆ ਸੀ। 16ਉੱਥੇ ਉਨ੍ਹਾਂ ਲੋਕਾਂ
ਦਾ ਕੋਈ ਅੰਤ ਨਹੀਂ ਸੀ ਜਿਨ੍ਹਾਂ ਨੇ ਉਸ ਦਾ ਅਨੁਸਰਣ ਕੀਤਾ, ਪਰ ਫ਼ਿਰ
ਉਹ ਜੋ ਉਸ ਤੋਂ ਮਗਰੋਂ ਆਉਣਗੇ ਉਸ ਨਾਲ ਖੁਸ਼ ਨਹੀਂ ਹੋਣਗੇ। ਇਹ
ਵੀ ਵਿਅਰਥ ਹੈ ਅਤੇ ਹਵਾ ਨੂੰ ਫ਼ੜਨ ਦੀ ਕੋਸ਼ਿਸ਼ ਵਾਂਗ ਹੈ।

### ਇਕਰਾਰ ਕਰਨ ਬਾਰੇ ਹੁਸ਼ਿਆਰ ਰਹੋ

5 1ਜਿਸ ਵੇਲੇ ਤੂੰ ਪਰਮੇਸ਼ੁਰ ਦੇ ਘਰ ਵਿੱਚ ਜਾਵੇਂ ਤਾਂ ਹੁਸ਼ਿਆਰ
ਰਹਿ। ਮੂਰਖਾਂ ਵਾਂਗ ਬਲੀਆਂ ਚੜ੍ਹਾਉਣ ਨਾਲੋਂ ਪਰਮੇਸ਼ੁਰ
ਨੂੰ ਸੁਣਨਾ ਬਿਹਤਰ ਹੈ। ਕਿਉਂ ਜੋ ਉਹ ਇਹ ਨਹੀਂ ਸਮਝਦੇ ਭਈ
ਉਹ ਬਦੀ ਕਰਦੇ ਹਨ। 2ਆਪਣੇ ਮੂੰਹ ਨਾਲ ਕਾਹਲੀ ਨਾ ਕਰ ਅਤੇ
ਤੇਰਾ ਮਨ ਪਰਮੇਸ਼ੁਰ ਦੇ ਅੱਗੇ ਕਾਹਲੀ ਨਾਲ ਕੁਝ ਨਾ ਕਹੇ, ਕਿਉਂ ਜੋ
ਪਰਮੇਸ਼ੁਰ ਸਵਰਗ ਵਿੱਚ ਹੈ ਅਤੇ ਤੂੰ ਧਰਤੀ ਉੱਤੇ ਹੈਂ। ਇਸ ਲਈ
ਤੇਰੀਆਂ ਗੱਲਾਂ ਘੱਟ ਹੀ ਹੋਣ।

3 ਕਿਉਂਕਿ ਬਹੁਤੀ ਚਿੰਤਾ ਬੁਰੇ ਸੁਫ਼ਨੇ ਲਿਆਉਂਦੀ ਹੈ ਅਤੇ
ਮੂਰਖ, ਦੇ ਮੂੰਹ ਤੋਂ ਬਹੁਤ ਗੱਲਾਂ ਆਉਂਦੀਆ ਹਨ।

4ਜੇ ਤੁਸੀਂ ਪਰਮੇਸ਼ੁਰ ਨਾਲ ਕੋਈ ਇਕਰਾਰ ਕਰੋ ਤਾਂ ਆਪਣੇ ਕੀਤੇ
ਹੋਏ ਇਕਰਾਰ ਨੂੰ ਕਰਨ ਵਿੱਚ ਢਿੱਲ ਨਾ ਲਾਉ। ਪਰਮੇਸ਼ੁਰ ਮੂਰਖਾਂ
ਨਾਲ ਪ੍ਰਸੰਨ ਨਹੀਂ ਹੁੰਦਾ। ਪਰਮੇਸ਼ੁਰ ਨੂੰ ਉਹ ਦਿਓ ਜਿਸ ਨੂੰ ਦੇਣ
ਦਾ ਤੁਸੀਂ ਇਕਰਾਰ ਕੀਤਾ ਸੀ। 5ਕਿਸੇ ਚੀਜ਼ ਨੂੰ ਦੇਣ ਦਾ ਇਕਰਾਰ
ਕਰਨ ਅਤੇ ਫੇਰ ਉਸ ਨੂੰ ਨਾ ਦੇਣ ਨਾਲੋਂ ਕਿਸੇ ਵੀ ਚੀਜ਼ ਦਾ ਇਕਰਾਰ
ਨਾ ਕਰਨਾ ਹੀ ਬਿਹਤਰ ਹੈ। 6ਇਸ ਲਈ, ਆਪਣੇ ਸ਼ਬਦਾਂ ਨਾਲ
ਆਪਣੇ-ਆਪ ਨੂੰ ਦੋਸ਼ੀ ਨਾ ਬਣਾਓ। ਜਾਜਕ ਨੂੰ ਇਹ ਨਾ ਆਖੋ,
“ਜੋ ਮੈਂ ਆਖਿਆ ਸੀ ਮੇਰਾ ਮਤਲਬ ਉਹ ਨਹੀਂ ਸੀ!” ਪਰਮੇਸ਼ੁਰ ਨੂੰ
ਗੁੱਸਾ ਕਿਉਂ ਆਵੇ ਜਦੋਂ ਉਹ ਤੁਹਾਨੂੰ ਸੁਣਦਾ, ਅਤੇ ਉਸ ਸਾਰੇ ਕੁਝ ਨੂੰ
ਤਬਾਹ ਕਰ ਦੇਵੇ ਜਿਸ ਲਈ ਤੁਸੀਂ ਕੰਮ ਕਰ ਰਹੇ ਸੀ। 7ਤੁਹਾਨੂੰ ਦਿਨ
ਵੇਲੇ ਸੁਫ਼ਨੇ ਵੇਖ ਕੇ ਅਤੇ ਜ਼ਿਆਦਾ ਬੋਲ ਕੇ ਆਪਣੇ-ਆਪ ਨੂੰ ਖਤਰੇ
’ਚ ਨਹੀਂ ਪਾਉਣਾ ਚਾਹੀਦਾ। ਬਲਕਿ, ਪਰਮੇਸ਼ੁਰ ਦੀ ਇੱਜ਼ਤ ਕਰੋ!

### ਹਰ ਹਾਕਮ ਉੱਤੇ ਹੋਰ ਹਾਕਮ ਹੈ

8ਜੇਕਰ ਤੂੰ ਗਰੀਬ ਤੇ ਅਤਿਆਚਾਰ ਹੁੰਦਿਆਂ ਅਤੇ ਨਿਆਂ ਨੂੰ
ਅਸਵੀਕਾਰ ਹੁੰਦਿਆਂ ਵੇਖੇਂ ਤਾਂ ਅਚੰਭਿਤ ਨਾ ਹੋ। ਹਰ ਅਧਿਕਾਰੀ ਉੱਪਰ
ਅਧਿਕਾਰੀ ਹੈ, ਅਤੇ ਅਗਾਂਹ ਇਨ੍ਹਾਂ ਅਧਿਕਾਰੀਆਂ ਉੱਤੇ ਅਧਿਕਾਰੀ
ਹਨ। 9ਅਤੇ ਇਹ ਸਭ ਕੁਝ ਜ਼ਮੀਨ ਤੋਂ ਨਫ਼ਾ ਪ੍ਰਾਪਤ ਕਰਨ ਲਈ
ਕੀਤਾ ਗਿਆ ਸੀ, ਕਿਉਂਕਿ ਰਾਜਾ ਖੇਤਾਂ ਤੇ ਨਿਰਭਰ ਕਰਦਾ ਹੈ।

### ਦੌਲਤ ਖੁਸ਼ੀ ਨਹੀਂ ਖਰੀਦ ਸਕਦੀ

10ਜਿਹੜਾ ਬੰਦਾ ਪੈਸੇ ਨੂੰ ਪਿਆਰ ਕਰਦਾ ਹੈ, ਕਦੇ ਵੀ ਪੈਸੇ ਨਾਲ
ਸੰਤੁਸ਼ਟ ਨਹੀਂ ਹੋਵੇਗਾ ਜੋ ਉਸ ਦੇ ਪਾਸ ਹੈ। ਅਤੇ ਜਿਹੜਾ ਬੰਦਾ
ਦੌਲਤ ਨੂੰ ਪਿਆਰ ਕਰਦਾ ਉਹ ਕਦੇ ਵੀ ਉਸ ਦੇ ਵਾਧੇ ਨਾਲ ਸੰਤੁਸ਼ਟ
ਨਹੀਂ ਹੋਵੇਗਾ। ਇਹ ਵੀ ਵਿਅਰਥ ਹੈ।
11ਜਿੰਨੀ ਵੀ ਬਹੁਤੀ ਦੌਲਤ ਕਿਸੇ ਬੰਦੇ ਕੋਲ ਹੁੰਦੀ ਹੈ ਓਨੇ ਹੀ
ਬਹੁਤੇ ਉਸ ਦੇ “ਦੋਸਤ” ਹੁੰਦੇ ਹਨ ਜੋ ਇਸ ਨੂੰ ਖਰਚਣ ਵਿੱਚ ਸਹਾਈ
ਹੁੰਦੇ ਹਨ। ਇਸ ਤਰ੍ਹਾਂ ਅਮੀਰ ਆਦਮੀ ਅਸਲ ਵਿੱਚ ਕੋਈ ਲਾਭ
ਪ੍ਰਾਪਤ ਨਹੀਂ ਕਰਦਾ। ਉਹ ਸਿਰਫ ਆਪਣੀ ਦੌਲਤ ਨੂੰ ਦੇਖ ਸਕਦਾ
ਹੈ।
12ਜਿਹੜਾ ਬੰਦਾ ਸਾਰਾ ਦਿਨ ਸਖਤ ਮਿਹਨਤ ਕਰਦਾ ਹੈ, ਘਰ ਆ
ਕੇ ਸ਼ਾਂਤੀ ਨਾਲ ਸੌਂਦਾ ਹੈ। ਬਿਨਾ ਚਿੰਤਾ ਕੀਤਿਆਂ ਕਿ ਉਸ ਨੇ ਬਹੁਤਾ
ਖਾਧਾ ਜਾਂ ਥੋੜਾ। ਪਰ ਅਮੀਰ ਆਦਮੀ ਆਪਣੇ ਧੰਨ ਦਾ ਫਿਕਰ
ਕਰਦਾ ਰਹਿੰਦਾ ਹੈ ਅਤੇ ਉਹ ਸੌਂ ਨਹੀਂ ਸਕਦਾ।
13ਇੱਕ ਘਿਨਾਉਣੀ ਬਦੀ ਹੈ ਜਿਸ ਨੂੰ ਮੈਂ ਇਸ ਦੁਨੀਆ ਵਿੱਚ
ਵਾਪਰਦਿਆਂ ਦੇਖਿਆ। ਦੌਲਤ ਇਸ ਦੇ ਮਾਲਕ ਦੁਆਰਾ ਰੱਖੀ
ਜਾਂਦੀ ਹੈ ਜੋ ਉਸ ਨੂੰ ਨੁਕਸਾਨ ਪਹੁੰਚਾਉਣ ਦਾ ਕਾਰਣ ਬਣਦੀ ਹੈ
14ਅਤੇ ਫੇਰ ਕੁਝ ਬੁਰਾ ਵਾਪਰਦਾ ਹੈ ਅਤੇ ਉਹ ਹਰ ਚੀਜ਼ ਗੁਆ
ਬੈਠਦਾ ਹੈ। ਇਸ ਤਰ੍ਹਾਂ ਉਸ ਬੰਦੇ ਕੋਲ ਆਪਣੇ ਪੁੱਤਰ ਨੂੰ ਦੇਣ ਲਈ
ਕੁਝ ਨਹੀਂ ਬਚਦਾ।
15ਬਿਲਕੁਲ ਜਿਵੇਂ ਉਹ ਆਪਣੀ ਮਾਤਾ ਦੇ ਗਰਭ ਵਿੱਚੋਂ ਨੰਗਾ
ਬਾਹਰ ਆਇਆ, ਉਹ ਫ਼ਿਰ ਤੋਂ ਨੰਗਾ ਹੀ ਜਾਵੇਗਾ ਅਤੇ ਜਦੋਂ ਉਹ
ਜਾਵੇਗਾ ਉਸ ਵਿੱਚੋਂ ਕੁਝ ਵੀ ਆਪਣੇ ਨਾਲ ਨਹੀਂ ਲੈ ਕੇ ਜਾਵੇਗਾ ਜਿਸ
ਲਈ ਉਸ ਨੇ ਕੰਮ ਕੀਤਾ ਸੀ। 16ਇਹ ਘਿਨਾਉਣੀ ਬਦੀ ਹੈ। ਉਹ
ਦੁਨੀਆ ਨੂੰ ਓਸੇ ਤਰ੍ਹਾਂ ਛੱਡ ਦੇਵੇਗਾ ਜਿਵੇਂ ਉਹ ਆਇਆ ਸੀ। ਤਾਂ
ਫ਼ਿਰ ਉਸ ਨੂੰ ਕੀ ਲਾਭ ਮਿਲੇਗਾ, “ਕਿ ਉਸ ਨੂੰ ਹਵਾ ਲਈ ਮਜਦੂਰੀ
ਕਰਨੀ ਪੈਂਦੀ ਹੈ।” 17ਉਸ ਨੂੰ ਕੇਵਲ ਉਦਾਸੀ ਅਤੇ ਗਮ ਨਾਲ ਭਰੇ
ਹੋਏ ਦਿਨ ਹੀ ਮਿਲਦੇ ਹਨ। ਅਖੀਰ ਵਿੱਚ ਉਸ ਨੂੰ ਨਾਕਾਮੀ ਬਿਮਾਰੀ
ਅਤੇ ਗੁੱਸਾ ਹੀ ਮਿਲਦਾ ਹੈ।

### ਆਪਣੇ ਜੀਵਨ ਦੇ ਕੰਮ ਦਾ ਅਨੰਦ ਮਾਣੋ

18ਮੈਂ ਦੇਖਿਆ ਹੈ ਕਿ ਸਭ ਤੋਂ ਚੰਗਾ ਕੰਮ ਜਿਹੜਾ ਕੋਈ ਬੰਦਾ ਕਰ
ਸਕਦਾ ਖਾਣਾ ਅਤੇ ਪੀਣਾ ਹੈ ਅਤੇ ਆਪਣੇ ਕੰਮ ਦੇ ਫ਼ਲ ਦਾ ਅਨੰਦ
ਮਾਨਣਾ, ਜੋ ਉਹ ਇਸ ਦੁਨੀਆ ਵਿੱਚ ਕਰਦਾ, ਪਰਮੇਸ਼ੁਰ ਦੁਆਰਾ
ਦਿੱਤੇ ਗਏ ਉਸ ਦੀ ਜ਼ਿੰਦਗੀ ਦੇ ਗਿਣਤੀ ਦੇ ਦਿਨਾਂ ਦੌਰਾਨ ਕਰਦਾ
ਹੈ ਕਿਉਂਕਿ ਇਹੀ ਉਸ ਦਾ ਹਿੱਸਾ ਹੈ।
19ਜੇ ਪਰਮੇਸ਼ੁਰ ਕਿਸੇ ਆਦਮੀ ਨੂੰ ਧੰਨ, ਜਾਇਦਾਦ ਅਤੇ ਇਨ੍ਹਾਂ
ਚੀਜ਼ਾਂ ਨੂੰ ਭੋਗਣ, ਦੀ ਸ਼ਕਤੀ ਦਿੰਦਾ ਹੈ ਤਾਂ ਉਸ ਆਦਮੀ ਨੂੰ ਉਸ
ਦਾ ਅਨੰਦ ਭੋਗਣਾ ਚਾਹੀਦਾ ਹੈ। ਇਹ ਵੀ ਪਰਮੇਸ਼ੁਰ ਵੱਲੋਂ ਦਾਤ ਹੈ।
20ਅਜਿਹਾ ਬੰਦਾ ਆਪਣੇ ਜੀਵਨ ਬਾਰੇ ਜ਼ਿਆਦਾ ਨਹੀਂ ਸੋਚਦਾ,
ਕਿਉਂ ਜੋ ਪਰਮੇਸ਼ੁਰ ਉਸ ਨੂੰ ਉਸ ਦੇ ਦਿਲ ਦੀ ਖੁਸ਼ੀ ਵਿੱਚ ਵਿਅਸਤ
ਰੱਖਦਾ।

### ਦੌਲਤ ਖੁਸ਼ੀ ਨਹੀਂ ਲਿਆਉਂਦੀ

6 1ਮੈਂ ਇਸ ਦੁਨੀਆ ਵਿੱਚ ਇੱਕ ਹੋਰ ਬਦੀ ਵੇਖੀ, ਅਤੇ ਇਹ
ਲੋਕਾਂ ਤੇ ਜਬਰਦਸਤ ਭਾਰ ਪਾਉਂਦੀ ਹੈ। 2ਕੋਈ ਅਜਿਹਾ ਹੈ
ਜਿਸ ਨੂੰ ਪਰਮੇਸ਼ੁਰ ਨੇ ਬਹੁਤ ਜ਼ਿਆਦਾ ਦੌਲਤ ਅਤੇ ਆਦਰ ਦਿੱਤਾ ਹੈ
ਐਥੋਂ ਤੋੜੀ ਜੋ ਉਹ ਨੂੰ ਕਿਸੇ ਚੀਜ਼ ਦੀ ਜਿਸ ਨੂੰ ਉਸ ਦਾ ਜੀ ਲੋਚਦਾ
ਹੈ ਕੋਈ ਥੁੜ ਨਹੀਂ ਤਾਂ ਵੀ ਪਰਮੇਸ਼ੁਰ ਉਸ ਨੂੰ ਉਹ ਦੇ ਭੋਗਣ ਦੀ

ਸਮਰੱਥਾ ਨਹੀਂ ਦਿੰਦਾ ਸਗੋਂ ਓਪਰਾ ਮਨੁੱਖ ਉਸ ਨੂੰ ਭੋਗਦਾ ਹੈ। ਇਹ ਵਿਅਰਥ ਅਤੇ ਘਿਨਾਉਣੀ ਬਦੀ ਹੈ।

3ਜੇਕਰ ਕੋਈ ਵਿਅਕਤੀ ਬਹੁਤ ਚਿਰ ਜੀਉਂਦਾ, ਕੋਈ ਫ਼ਰਕ ਨਹੀਂ
ਪੈਂਦਾ ਕਿ ਕਿੰਨਾ ਚਿਰ, ਅਤੇ ਉਸ ਦੇ 100 ਬੱਚੇ ਹੋ ਸਕਦੇ ਹਨ। ਪਰ ਜੇ
ਉਹ ਚੰਗੀਆਂ ਚੀਜ਼ਾਂ ਨਾਲ ਸੰਤੁਸ਼ਟ ਨਹੀਂ ਹੁੰਦਾ ਅਤੇ ਉਸ ਦਾ ਅੰਤਿਮ-
ਸੰਸਕਾਰ ਵੀ ਨਹੀਂ ਹੁੰਦਾ ਤਾਂ ਮੈਂ ਆਖਦਾ ਹਾਂ, ਉਸ ਬੰਦੇ ਨਾਲੋਂ ਮਰਿਆ
ਹੋਇਆ ਬਾਲਕ ਪੈਦਾ ਹੋਇਆ ਬਿਹਤਰ ਹੈ। 4ਕਿਉਂਕਿ ਅਜਿਹਾ
ਬਾਲਕ ਰਹੱਸ ਵਿੱਚ ਆਇਆ ਅਤੇ ਹਨੇਰੇ ਵਿੱਚ ਜਾਂਦਾ ਹੈ ਅਤੇ ਉਸ
ਦਾ ਨਾਂ ਵੀ ਹਨੇਰੇ ਵਿੱਚ ਛੁਪਿਆ ਹੋਇਆ ਹੈ। 5ਉਸ ਬਾਲਕ ਨੇ ਕਦੇ
ਸੂਰਜ ਨਹੀਂ ਦੇਖਿਆ ਨਾ ਹੀ ਉਸ ਨੇ ਕਿਸੇ ਚੀਜ਼ ਦਾ ਵੀ ਅਨੁਭਵ
ਕੀਤਾ। ਅਤੇ ਉਸ ਨੂੰ ਉਸ ਬੰਦੇ ਨਾਲੋਂ ਵਧੇਰੇ ਆਰਾਮ ਮਿਲਦਾ ਹੈ ਜਿਸ
ਨੇ ਪਰਮੇਸ਼ੁਰ ਦੀਆਂ ਦਾਤਾਂ ਨੂੰ ਨਹੀਂ ਮਾਣਿਆ। 6ਉਹ ਬੰਦਾ ਭਾਵੇਂ ਦੋ
ਵਾਰੀ 1000 ਵਰ੍ਹੇ ਜੀਉਂਦਾ ਰਹੇ, ਪਰ ਜੇ ਉਹ ਜੀਵਨ ਦਾ ਸੁੱਖ ਨਹੀਂ
ਮਾਣਦਾ – ਭਲਾ ਸਾਰਿਆਂ ਦੇ ਸਾਰੇ ਇੱਕੋ ਥਾਂ ਨਹੀਂ ਜਾਂਦੇ।

7ਬੰਦਾ ਆਪਣਾ–ਆਪ ਭਰਨ ਲਈ ਕੰਮ ਕਰਦਾ ਰਹਿੰਦਾ ਹੈ, ਪਰ
ਉਸ ਦੀ ਖਾਣ ਦੀ ਇੱਛਾ (ਭੁੱਖ) ਕਦੇ ਸੰਤੁਸ਼ਟ ਨਹੀਂ ਹੁੰਦੀ। 8ਇੱਕ
ਸਿਆਣੇ ਬੰਦੇ ਨੂੰ ਮੂਰਖ ਤੋਂ ਕੀ ਲਾਭ ਹੈ? ਇੱਕ ਗਰੀਬ ਵਿਅਕਤੀ
ਦਾ ਇਹ ਜਾਣਨਾ ਕਿ ਉਸ ਨੂੰ ਅਸਲੀ ਜ਼ਿੰਦਗੀ ਦਾ ਸਾਹਮਣਾ ਕਰਕੇ
ਕਿਵੇਂ ਚੱਲਣਾ ਚਾਹੀਦਾ ਉਸ ਲਈ ਕੀ ਚੰਗਾ ਕਰੇਗਾ। 9ਹਮੇਸ਼ਾ ਵੱਧ
ਤੋਂ ਵੱਧ ਚੀਜ਼ਾਂ ਦੀ ਲਾਲਸਾ ਕਰਦੇ ਰਹਿਣ ਨਾਲੋਂ ਉਨ੍ਹਾਂ ਚੀਜ਼ਾਂ ਨਾਲ
ਪ੍ਰਸੰਨ ਰਹਿਣਾ ਬਿਹਤਰ ਹੈ ਜੋ ਤੇਰੇ ਕੋਲ ਹਨ। ਹਮੇਸ਼ਾ ਵੱਧ-ਵੱਧ ਦੀ
ਲਾਲਸਾ ਕਰਦੇ ਰਹਿਣਾ ਵੀ ਵਿਅਰਥ ਹੈ ਅਤੇ ਇਹ ਹਵਾ ਨੂੰ ਫੜਨ
ਦੀ ਕੋਸ਼ਿਸ਼ ਵਾਂਗ ਹੈ।

10-11ਜੋ ਕੁਝ ਵੀ ਹੈ, ਪਹਿਲਾਂ ਹੀ ਇਸ ਦਾ ਨਾਮ ਹੈ ਅਤੇ ਇਹ
ਚੰਗੀ ਤਰ੍ਹਾਂ ਪਤਾ ਕਿ ਲੋਕੀਂ ਕੀ ਹਨ, ਅਤੇ ਕਿ ਉਹ ਉਸ ਨਾਲ
ਦਲੀਲਬਾਜ਼ੀ ਨਹੀਂ ਕਰ ਸਕਦੇ ਜੋ ਉਨ੍ਹਾਂ ਤੋਂ ਵਧੇਰੇ ਤਕੜਾ ਹੈ।
ਕਿਉਂਕਿ ਗੱਲ-ਬਾਤ ਨੂੰ ਲੰਮਿਆਂ ਪਾਉਣਾ ਇਸ ਦੀ ਵਿਅਰਥਤਾ
ਨੂੰ ਵਧਾਉਂਦਾ ਹੈ। ਕਿਸੇ ਵਿਅਕਤੀ ਲਈ ਇਸ ਦਾ ਕੀ ਲਾਭ ਹੈ?

12ਕੌਣ ਜਾਣਦਾ ਹੈ ਕਿ ਲੋਕਾਂ ਲਈ ਆਪਣੇ ਥੋੜ੍ਹੇ ਚਿਰ ਦੇ ਜੀਵਨ
ਵਿੱਚ ਕਿਹੜੀ ਗੱਲ ਸਭ ਤੋਂ ਚੰਗੀ ਹੈ? ਉਸ ਦਾ ਜੀਵਨ ਪਰਛਾਵੇਂ
ਵਾਂਗ ਖਤਮ ਹੋ ਜਾਂਦਾ ਹੈ। ਕੌਣ ਉਸ ਨੂੰ ਦੱਸ ਸਕਦਾ ਕਿ ਉਸ ਦੀ
ਮੌਤ ਤੋਂ ਬਾਅਦ ਇਸ ਦੁਨੀਆ ਵਿੱਚ ਕੀ ਵਾਪਰੇਗਾ?

### ਸਿਆਣੀਆਂ ਸਿੱਖਿਆਵਾਂ ਦਾ ਸੰਗ੍ਰਹਿ

7 1ਚੰਗੀ ਪ੍ਰਤਿਸ਼ਠਾ ਵਧੀਆ ਅਤਰ ਨਾਲੋਂ ਬਿਹਤਰ ਹੈ।
ਜਿਸ ਦਿਨ ਕੋਈ ਬੰਦਾ ਮਰਦਾ ਹੈ ਉਸ ਦਿਨ ਨਾਲੋਂ
ਬਿਹਤਰ ਹੈ ਜਿਸ ਦਿਨ ਉਹ ਜੰਮਿਆ ਸੀ।
2 ਦਾਅਵਤ ਤੇ ਜਾਣ ਨਾਲੋਂ ਅੰਤਮ ਸੰਸਕਾਰ ਉੱਤੇ ਜਾਣਾ
ਚੰਗਾ ਹੈ। ਕਿਉਂਕਿ ਇੰਝ ਹੀ ਹਰ ਵਿਅਕਤੀ ਦਾ ਅੰਤ
ਹੁੰਦਾ ਹੈ, ਅਤੇ ਉਹ ਜਿਹੜੇ ਹਾਲੇ ਜੀਉਂਦੇ ਹਨ, ਇਸ ਬਾਰੇ
ਵਿਚਾਰ ਕਰਨਗੇ।
3 ਹਾਸੇ ਨਾਲੋਂ ਸੋਗ ਚੰਗਾ ਹੈ। ਕਿਉਂਕਿ ਜਦੋਂ ਚਿਹਰਾ ਉਦਾਸ
ਹੁੰਦਾ ਹੈ ਤਾਂ ਸਾਡਾ ਦਿਲ ਨੇਕ ਬਣ ਜਾਂਦਾ ਹੈ।
4 ਇੱਕ ਸਿਆਣਾ ਬੰਦਾ ਮੌਤ ਬਾਰੇ ਸੋਚਦਾ ਹੈ, ਪਰ ਮੂਰਖ
ਸਿਰਫ ਮੌਜ ਮਸਤੀ ਬਾਰੇ ਹੀ ਸੋਚਦਾ ਹੈ।
5 ਮੂਰਖ ਬੰਦੇ ਵਲੋਂ ਵਡਿਆਈ ਕਰਨ ਨਾਲੋਂ, ਸਿਆਣੇ ਬੰਦੇ
ਵਲੋਂ ਕੀਤੀ ਆਲੋਚਨਾ ਬਿਹਤਰ ਹੈ।
6 ਮੂਰਖਾਂ ਦਾ ਹਾਸਾ ਕਿੰਨਾ ਵਿਅਰਥ ਹੁੰਦਾ ਹੈ! ਜਿਵੇਂ ਕੰਡੇ
ਪਤੀਲੇ ਹੇਠਾਂ ਬਲਦੇ ਹੋਣ। ਉਹ ਇੰਨੀ ਛੇਤੀ ਬਲਦੇ ਹਨ,
ਕਿ ਇਸ ਨਾਲ ਪਤੀਲਾ ਗਰਮ ਨਹੀਂ ਹੁੰਦਾ।
7 ਪਰ ਅਤਿਆਚਾਰ ਸਿਆਣੇ ਲੋਕਾਂ ਨੂੰ ਭ੍ਰਸ਼ਟ ਕਰ ਦਿੰਦਾ ਹੈ,
ਅਤੇ ਰਿਸ਼ਵਤ ਮਨ ਨੂੰ ਧੁੰਦਲਾ ਕਰ ਦਿੰਦਾ ਹੈ।
8 ਕਿਸੇ ਮਸਲੇ ਦਾ ਅੰਤ ਇਸ ਦੀ ਸ਼ੁਰੂਆਤ ਨਾਲੋਂ ਬਿਹਤਰ
ਹੈ, ਅਤੇ ਇੱਕ ਸਬਰ ਵਾਲਾ ਵਿਅਕਤੀ ਇੱਕ ਹੰਕਾਰੀ ਨਾਲੋਂ
ਬਿਹਤਰ ਹੈ।
9 ਜਲਦੀ ਗੁੱਸੇ ਨਾ ਹੋ, ਕਿਉਂ ਜੋ ਗੁੱਸਾ ਮੂਰਖਤਾ ਦੀ ਨਿਸ਼ਾਨੀ
ਹੈ।
10 ਇਹ ਨਾ ਆਖ, "ਪਿੱਛਲੇ ਚੰਗੇ ਦਿਨਾਂ ਵਿੱਚ ਜ਼ਿੰਦਗੀ
ਬਿਹਤਰ ਸੀ। ਹੁਣ ਕੀ ਹੋ ਗਿਆ?" ਇਹ ਸਵਾਲ
ਸਿਆਣਪ ਤੋਂ ਨਹੀਂ ਆਉਂਦਾ।

11ਜਾਇਦਾਦ ਨੇ ਨਾਲ-ਨਾਲ ਸਿਆਣਪ ਹੋਣੀ ਚੰਗੀ ਗੱਲ ਹੈ,
ਇਹ ਰਹਿਣ ਲਈ ਲਾਭਦਾਇੱਕ ਹੈ। 12ਸਿਆਣਪ ਦੀ ਢਾਲ ਹੋਣੀ,
ਪੈਸੇ ਦੀ ਢਾਲ ਹੋਣ ਦੇ ਬਰਾਬਰ ਹੈ, ਸਿਆਣਪ ਦੁਆਰਾ ਕਮਾਇਆ
ਹੋਇਆ ਗਿਆਨ ਹੋਰ ਵੀ ਵਧੇਰੇ ਵਧੀਆ ਹੈ।

13ਉਨ੍ਹਾਂ ਚੀਜ਼ਾਂ ਵੱਲ ਦੇਖ, ਜਿਹੜੀਆਂ ਪਰਮੇਸ਼ੁਰ ਨੇ ਬਣਾਈਆਂ
ਹਨ। ਜਿਸ ਨੂੰ ਪਰਮੇਸ਼ੁਰ ਨੇ ਵਿੰਗਾ ਕੀਤਾ ਉਹ ਨੂੰ ਕੌਣ ਸਿੱਧਾ ਕਰ
ਸਕਦਾ ਹੈ। 14ਜਦੋਂ ਗੱਲਾਂ ਵਧੀਆ ਵਾਪਰ ਰਹੀਆਂ ਹੋਣ, ਇਸ ਨੂੰ
ਮਾਣੋ। ਅਤੇ ਜਦੋਂ ਬੁਰੀਆਂ ਗੱਲਾਂ ਵਾਪਰ ਰਹੀਆਂ ਹੋਣ, ਇਹ ਸਮਝੋ
ਕਿ ਪਰਮੇਸ਼ੁਰ ਨੇ ਬੁਰਾ ਸਮਾਂ ਬਣਾਇਆ ਜਿਵੇਂ ਕਿ ਉਸ ਨੇ ਚੰਗੇ
ਸਮੇਂ ਨੂੰ ਬਣਾਇਆ। ਤਾਂ ਜੋ ਲੋਕ ਪਤਾ ਨਾ ਲਗਾ ਸਕਣ ਕਿ ਅਗਾਂਹ
ਕੀ ਵਾਪਰੇਗਾ।

### ਲੋਕ ਪੂਰੀ ਤਰ੍ਹਾਂ ਨੇਕ ਨਹੀਂ ਹੋ ਸਕਦੇ

15ਇਨ੍ਹਾਂ ਦੋਹਾਂ ਗੱਲਾਂ ਨੂੰ ਮੈਂ ਆਪਣੇ ਵਿਅਰਥ ਜੀਵਨ ਵਿੱਚ ਵੇਖਿਆ:
ਇੱਕ ਧਰਮੀ ਵਿਅਕਤੀ ਆਪਣੇ ਧਰਮ ਵਿੱਚ ਨਾਸ ਹੋ ਜਾਂਦਾ ਹੈ।
ਅਤੇ ਇੱਕ ਦੁਸ਼ਟ ਵਿਅਕਤੀ ਜਿਸ ਦੀ ਜਿੰਦਗੀ ਉਸ ਦੀ ਬਦੀ
ਕਾਰਣ ਲੰਮੇਰੀ ਹੋ ਜਾਂਦੀ ਹੈ। 16-17ਵਧੀਕ ਧਰਮੀ ਨਾ ਬਣ, ਵਧੀਕ
ਸਿਆਣਾ ਬਣਨ ਦੀ ਘਾਲਣਾ ਨਾ ਕਰ, ਆਪਣੇ-ਆਪ ਨੂੰ ਨਾਸ
ਕਰਨ ਦੀ ਤੈਨੂੰ ਕੀ ਲੋੜ ਹੈ? ਵਧੀਕ ਦੁਸ਼ਟ ਨਾ ਹੋ, ਅਤੇ ਮੂਰਖ ਵੀ
ਨਾ ਬਣ। ਤੂੰ ਆਪਣੇ ਸਮੇਂ ਤੋਂ ਪਹਿਲਾਂ ਕਿਉਂ ਮਰੇਂ?

18ਤੇਰੇ ਲਈ ਇਹ ਚੰਗਾ ਹੋਵੇਗਾ ਜੇਕਰ ਤੂੰ ਇੱਕ ਤੇ ਡਟਿਆ
ਰਹੇਂ ਅਤੇ ਦੂਸਰੇ ਨੂੰ ਜਾਣ ਨਾ ਦੇਵੇਂ, ਕਿਉਂਕਿ ਉਹ ਜਿਹੜੇ ਪਰਮੇਸ਼ੁਰ
ਤੋਂ ਡਰਦੇ ਹਨ ਦੋਹਾਂ ਨਾਲ ਜੁੜ ਜਾਣਗੇ। 19-20ਸਿਆਣਪ ਤਾਕਤ
ਦਿੰਦੀ ਹੈ। ਇੱਕ ਸਿਆਣਾ ਵਿਅਕਤੀ ਕਿਸੇ ਸ਼ਹਿਰ ਦੇ ਦਸ ਆਗੂਆਂ
ਨਾਲੋਂ ਵਧੇਰੇ ਸ਼ਕਤੀਸ਼ਾਲੀ ਹੈ। ਇਹ ਗੱਲ ਪੱਕੀ ਹੈ ਕਿ ਧਰਤੀ ਉੱਤੇ
ਕੋਈ ਵੀ ਅਜਿਹਾ ਨਹੀਂ ਜਿਹੜਾ ਧਰਮੀ ਹੋਵੇ ਅਤੇ ਕਦੇ ਪਾਪ ਨਾ
ਕਰੇ।

21ਲੋਕਾਂ ਦੀਆਂ ਗੱਲਾਂ ਵੱਲ ਧਿਆਨ ਨਾ ਦਿਓ। ਤੁਸੀਂ ਆਪਣੇ
ਨੌਕਰ ਨੂੰ ਤੁਹਾਨੂੰ ਹੀ ਗਾਲਾਂ ਕੱਢਦਿਆਂ ਸੁਣ ਸਕਦੇ ਹੋ। 22ਅਤੇ
ਤੁਸੀਂ ਜਾਣਦੇ ਹੋ ਕਿ ਕਈ ਵਾਰੀ ਤੁਸੀਂ ਖੁਦ ਹੋਰਨਾਂ ਨੂੰ ਗਾਲਾਂ ਕੱਢੀਆਂ
ਹੋਣਗੀਆਂ।

23ਮੈਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਪਰਖਣ ਲਈ ਆਪਣੀ ਸਿਆਣਪ
ਇਸਤੇਮਾਲ ਕੀਤੀ। ਮੈਂ ਆਖਿਆ, "ਮੈਂ ਸਿਆਣਾ ਹੋਵਾਂ?" ਪਰ

ਸਿਆਣਪ ਮੈਥੋਂ ਬਹੁਤ ਦੂਰ ਹੈ। 24ਮੈਂ ਸਮਝ ਨਹੀਂ ਸਕਦਾ ਇਹ
ਗੱਲਾਂ ਇੰਝ ਕਿਉਂ ਹਨ? ਇਹ ਬਹੁਤ ਡੂੰਘੇਰੀ ਹੈ। ਕੌਣ ਇਸ ਨੂੰ
ਸਮਝ ਸਕਦਾ ਹੈ? 25ਮੈਂ ਸਿੱਖਣ ਅਤੇ ਖੋਜ ਕਰਨ ਲਈ, ਸਿਆਣਪ
ਦਾ ਪਿੱਛਾ ਕਰਨ ਲਈ ਅਤੇ ਨਤੀਜਾ ਪ੍ਰਾਪਤ ਕਰਨ ਲਈ,
ਅਤੇ ਦੁਸ਼ਟਤਾ ਦੀ ਬੇਵਕੂਫੀ ਬਾਰੇ ਸਿੱਖਣ ਲਈ ਆਪਣੇ ਦਿਲ
ਵਿੱਚ ਨਿਸ਼ਚਾ ਕਰ ਲਿਆ, ਬੇਵਕੂਫੀ ਪਾਗਲਪਨ ਹੈ। 26ਉਹ ਔਰਤ
(ਬੇਵਕੂਫੀ) ਮੌਤ ਨਾਲੋਂ ਵਧੇਰੇ ਕੌੜੀ ਹੈ, ਉਹ ਇੱਕ ਜਾਲ ਵਰਗੀ ਹੈ,
ਉਸ ਦਾ ਦਿਲ ਇੱਕ ਫਾਹੀ ਹੈ, ਉਸ ਦੇ ਹੱਥ ਬੇੜੀਆਂ ਵਰਗੇ ਹਨ।
ਜਿਸ ਬੰਦੇ ਨਾਲ ਪਰਮੇਸ਼ੁਰ ਪ੍ਰਸੰਨ ਹੁੰਦਾ ਹੈ, ਉਸ ਕੋਲੋਂ ਬਚ ਜਾਵੇਗਾ,
ਪਰ ਪਾਪੀ ਉਸ ਦੁਆਰਾ ਫੜ ਲਿਆ ਜਾਵੇਗਾ।
27-28"ਅਤੇ ਇਹੀ ਹੈ ਜੋ ਮੈਂ ਪਾਇਆ" ਉਪਦੇਸ਼ਕ ਆਖਦਾ ਹੈ,
"ਜਿਉਂ ਮੈਂ ਨਤੀਜਾ ਪ੍ਰਾਪਤ ਕਰਨ ਲਈ ਇੱਕ ਵਿੱਚ ਇੱਕ ਜੋੜ ਰਿਹਾ
ਸੀ। ਮੈਂ ਬਾਰ-ਬਾਰ ਕੋਸਿਸ਼ ਕੀਤੀ, ਪਰ ਮੈਂ ਇਸ ਤੇ ਕੰਮ ਨਾ ਕਰ
ਸਕਿਆ। ਮੈਨੂੰ ਹਜਾਰਾਂ ਵਿੱਚੋਂ ਇੱਕ ਆਦਮੀ ਲੱਭਿਆ, ਪਰ ਮੈਨੂੰ
ਇਨ੍ਹਾਂ ਵਿੱਚੋਂ ਇੱਕ ਔਰਤ ਨਾ ਲੱਭ ਸਕੀ।
29"ਵੇਖੋ, ਇਹੀ ਹੈ ਜੋ ਮੈਂ ਲੱਭਿਆ, ਕਿ ਪਰਮੇਸ਼ੁਰ ਦੇ ਲੋਕਾਂ ਨੂੰ
ਸਿੱਧਾ ਬਣਾਇਆ, ਪਰ ਉਹ ਬਹੁਤੇ ਚਲਾਕ ਬਣਨ ਦੀ ਕੋਸ਼ਿਸ਼
ਕਰਦੇ ਹਨ।"

### ਸਿਆਣਪ ਅਤੇ ਸ਼ਕਤੀ

**8** 1ਕੌਣ ਸਿਆਣੇ ਵਿਅਕਤੀ ਵਰਗਾ ਹੈ? ਕੌਣ ਜਾਣਦਾ ਗੱਲਾਂ
ਦਾ ਵਿਵਰਣ ਕਿਵੇਂ ਹੁੰਦਾ ਹੈ? ਵਿਅਕਤੀ ਦੀ ਸਿਆਣਪ ਉਸ
ਨੂੰ ਖੁਸ਼ੀ ਦਿੰਦੀ ਹੈ। ਇਹ ਉਦਾਸ ਚਿਹਰੇ ਨੂੰ ਪ੍ਰਸੰਨ ਚਿਹਰੇ ਵਿੱਚ
ਬਦਲ ਦਿੰਦੀ ਹੈ।
2ਮੈਂ ਆਖਦਾ ਹਾਂ ਕਿ ਤੈਨੂੰ ਪਰਮੇਸ਼ੁਰ ਨਾਲ ਤੇਰੇ ਇਕਰਾਰ ਕਾਰਣ
ਹਮੇਸ਼ਾ ਰਾਜੇ ਦਾ ਪਾਲਣ ਕਰਨਾ ਚਾਹੀਦਾ ਹੈ। 3ਭੈਭੀਤ ਨਾ ਹੋ। ਜਦੋਂ
ਤੂੰ ਉਸ ਨੂੰ ਛੱਡੇਂ, ਕਿਸੇ ਵੀ ਬਦ ਮਾਮਲੇ ਵਿੱਚ ਭਾਗ ਨਾ ਲੈ, ਕਿਉਂਕਿ
ਰਾਜਾ ਉਹੀ ਕਰਦਾ ਜੋ ਉਸ ਨੂੰ ਪਸੰਦ ਹੈ। 4ਰਾਜੇ ਦਾ ਬਚਨ ਸ਼ਰ੍ਹਾ ਹੈ,
ਅਤੇ ਕੌਣ ਉਸ ਨੂੰ ਪੁੱਛ ਸਕਦਾ: "ਤੂੰ ਕੀ ਕਰ ਰਿਹਾ ਹੈਂ!" 5ਜੇ ਕੋਈ
ਬੰਦਾ ਰਾਜੇ ਦੇ ਆਦੇਸ਼ਾਂ ਨੂੰ ਮੰਨਦਾ, ਤਾਂ ਉਹ ਸੁਰੱਖਿਅਤ ਰਹੇਗਾ।
ਅਤੇ ਇੱਕ ਸਿਆਣਾ ਬੰਦਾ ਸਮੇਂ ਅਤੇ ਵਿਧੀ ਨੂੰ ਜਾਣਦਾ ਹੁੰਦਾ।
6ਹਰ ਗੱਲ ਕਰਨ ਦਾ ਸਹੀ ਸਮਾਂ ਅਤੇ ਸਹੀ ਢੰਗ ਹੁੰਦਾ ਹੈ। ਪਰ
ਲੋਕਾਂ ਦੀ ਬਦੀ ਉਨ੍ਹਾਂ ਉੱਤੇ ਬੁਰੀ ਤਰ੍ਹਾਂ ਬੋਝ ਪਾ ਦਿੰਦੀ ਹੈ। 7ਕਿਉਂ
ਜੋ ਉਹ ਜਾਣਦੇ ਨਹੀਂ ਕਿ ਕੀ ਵਾਪਰੇਗਾ, ਕੌਣ ਉਨ੍ਹਾਂ ਨੂੰ ਦੱਸ ਸਕਦਾ
ਕਿ ਕੀ ਵਾਪਰੇਗਾ?
8ਬਿਲਕੁਲ ਜਿਵੇਂ ਕੋਈ ਹਵਾ ਨੂੰ ਰੋਕ ਨਹੀਂ ਸਕਦਾ, ਕਿਸੇ ਕੋਲ ਵੀ
ਆਪਣੀ ਮੌਤ ਨੂੰ ਰੋਕਣ ਦੀ ਸਮਰਥਾ ਨਹੀਂ। ਯੁੱਧ ਦੌਰਾਨ ਕੋਈ ਵੀ
ਫੌਜ ਵਿੱਚੋਂ ਇਸਤੀਫ਼ਾ ਨਹੀਂ ਦੇ ਸਕਦਾ, ਅਤੇ ਇਸੇ ਤਰ੍ਹਾਂ ਹੀ ਜਿਹੜਾ
ਵਿਅਕਤੀ ਦੁਸ਼ਟਤਾ ਕਰਦਾ ਹੈ ਉਸ ਦੀ ਦੁਸ਼ਟਤਾ ਉਹ ਨੂੰ ਅਜ਼ਾਦ
ਹੋ ਕੇ ਜਾਣ ਨਹੀਂ ਦੇਵੇਗੀ।
9ਮੈਂ ਇਹ ਸਾਰੀਆਂ ਗੱਲਾਂ ਦੇਖੀਆਂ ਅਤੇ ਮੈਂ ਉਨ੍ਹਾਂ ਗੱਲਾਂ ਬਾਰੇ
ਬਹੁਤ ਸੋਚਿਆ ਜਿਹੜੀਆਂ ਇਸ ਦੁਨੀਆ ਵਿੱਚ ਵਾਪਰਦੀਆਂ ਹਨ।
ਅਤੇ ਕਿਵੇਂ ਇੱਕ ਵਿਅਕਤੀ ਹੋਰਨਾਂ ਤੇ ਰਾਜ ਕਰਦਾ ਅਤੇ ਉਨ੍ਹਾਂ ਨੂੰ
ਕਸ਼ਟ ਦਿੰਦਾ ਹੈ।
10ਮੈਂ ਬਦ ਲੋਕਾਂ ਦੇ ਸ਼ਾਨਦਾਰ ਅੰਤਮ ਸੰਸਕਾਰ ਵੀ ਦੇਖੇ। ਜਦੋਂ
ਲੋਕ ਕਿਰਿਆਕਰਮ ਦੀਆਂ ਰਸਮਾਂ ਤੋਂ ਬਾਦ ਘਰ ਮੁੜ ਰਹੇ ਸਨ,
ਉਹ ਮਰ ਚੁੱਕੇ ਬੰਦੇ ਬਾਰੇ ਚੰਗੀਆਂ ਗੱਲਾਂ ਕਰ ਰਹੇ ਸਨ। ਇਹ ਉਨ੍ਹਾਂ
ਸ਼ਹਿਰਾਂ ਵਿੱਚ ਵੀ ਵਾਪਰਿਆ ਜਿੱਥੇ ਇਨ੍ਹਾਂ ਬਦ ਲੋਕਾਂ ਨੇ ਅਨੇਕਾਂ
ਮਾੜੇ ਕੰਮ ਕੀਤੇ ਸਨ। ਇਹ ਵੀ ਵਿਅਰਥ ਹੈ।

### ਇਨਸਾਫ, ਇਨਾਮ ਅਤੇ ਸਜ਼ਾ

11ਕਿਉਂ ਜੋ ਬਦ ਹੋਣ ਦਾ ਨਿਆਂ ਜਲਦੀ ਹੀ ਘੋਸ਼ਿਤ ਨਹੀਂ ਕੀਤਾ
ਜਾਂਦਾ ਇਸ ਲਈ ਇਨਸ਼ਾਨਾ ਦੇ ਦਿਲ ਬਦੀ ਕਰਨ ਤੇ ਲੱਗੇ ਰਹਿੰਦੇ
ਹਨ।
12ਇੱਕ ਪਾਪੀ ਭਾਵੇਂ ਸੌ ਬੁਰੀਆਂ ਗੱਲਾਂ ਕਰੇ ਅਤੇ ਉਹ ਬਹੁਤ ਚਿਰ
ਜੀਉਂਦਾ ਰਹੇ ਤਾਂ ਵੀ ਭਲਾ ਉਹਨਾਂ ਦਾ ਹੀ ਹੋਵੇਗਾ ਜੋ ਪਰਮੇਸ਼ੁਰ ਤੋਂ
ਡਰਦੇ ਅਤੇ ਉਹ ਦਾ ਭੈ ਮੰਨਦੇ ਹਨ। 13ਅਤੇ ਇਹ ਕਿ ਦੁਸ਼ਟਾਂ ਨਾਲ
ਚੰਗਾ ਨਹੀਂ ਹੋਣਾ ਚਾਹੀਦਾ, ਅਤੇ ਇਹ ਕਿ ਉਨ੍ਹਾਂ ਦੇ ਦਿਨ ਪ੍ਰਛਾਵੇਂ
ਵਾਂਗ ਲੰਮੇ ਨਹੀਂ ਹੋਣੇ ਚਾਹੀਦੇ ਜੋ ਕਿ ਲੰਮੇ ਅਤੇ ਲੰਮੇ ਹੁੰਦੇ ਜਾਂਦੇ ਹਨ,
ਕਿਉਂਕਿ ਉਹ ਪਰਮੇਸ਼ੁਰ ਤੋਂ ਨਹੀਂ ਡਰਦੇ।
14ਧਰਤੀ ਉੱਤੇ ਇੱਕ ਵਿਅਰਥ ਗੱਲ ਵਾਪਰਦੀ ਹੈ: ਇੱਥੇ
ਧਰਮੀ ਲੋਕ ਹਨ, ਜਿਨ੍ਹਾਂ ਨਾਲ ਇੰਝ ਗੱਲਾਂ ਵਾਪਰਦੀਆਂ ਜਿਵੇਂ
ਉਹ ਦੁਸ਼ਟ ਹੋਣ, ਅਤੇ ਇੱਥੇ ਦੁਸ਼ਟ ਲੋਕ ਹਨ, ਜਿੰਨ੍ਹਾਂ ਨਾਲ ਇੰਝ
ਗੱਲਾਂ ਵਾਪਰਦੀਆਂ ਹਨ ਜਿਵੇਂ ਉਹ ਧਰਮੀ ਸਨ। ਅਤੇ ਮੈਂ ਆਖਦਾਂ
ਕਿ ਇਹ ਵੀ ਵਿਅਰਥ ਹੈ। 15ਇਸ ਲਈ ਮੈ ਅਨੰਦ ਮਾਨਣ ਦੀ
ਸ਼ਿਫ਼ਾਰਿਸ਼ ਕਰਦਾ ਹਾਂ, ਕਿਉਂਕਿ ਇੱਥੋਂ ਦੇ ਲੋਕਾਂ ਲਈ ਖਾਣ-ਪੀਣ
ਅਤੇ ਖੁਸ਼ ਹੋਣ ਨਾਲੋਂ ਵਧੀਆ ਕੁਝ ਨਹੀਂ। ਹੋਰ ਕੁਝ ਨਹੀਂ ਜੋ ਉਨ੍ਹਾਂ
ਦੇ ਜਿੰਦਗੀ ਦੇ ਮਜ਼ਦੂਰੀ ਦੇ ਦਿਨਾਂ ਦੌਰਾਨ ਉਨ੍ਹਾਂ ਦਾ ਸਾਥ ਦੇ ਸਕਦਾ
ਹੈ, ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਇਸ ਦੁਨੀਆ ਵਿੱਚ ਦਿੱਤੀ ਹੈ।

### ਪਰਮੇਸ਼ੁਰ ਦੇ ਸਾਰੇ ਕਾਰਜਾਂ ਨੂੰ ਅਸੀਂ ਸਮਝ ਨਹੀਂ ਸਕਦੇ

16ਮੈਂ ਉਨ੍ਹਾਂ ਗੱਲਾਂ ਨੂੰ ਧਿਆਨ ਨਾਲ ਵਾਚਿਆ ਜਿਹੜੀਆਂ ਲੋਕ ਇਸ
ਜੀਵਨ ਵਿੱਚ ਕਰਦੇ ਹਨ। ਮੈਂ ਦੇਖਿਆ ਕਿ ਲੋਕ ਕਿੰਨੇ ਰੁਝੇ ਹੋਏ ਹਨ।
ਉਹ ਦਿਨ ਰਾਤ ਕੰਮ ਕਰਦੇ ਹਨ ਅਤੇ ਉਹ ਤਕਰੀਬਨ ਕਦੇ ਵੀ ਸੌਂਦੇ
ਨਹੀਂ। 17ਮੈਂ ਉਨ੍ਹਾਂ ਗੱਲਾਂ ਬਾਬਤ ਦੇਖਿਆ ਜਿਹੜੀਆਂ ਪਰਮੇਸ਼ੁਰ
ਕਰਦਾ ਹੈ। ਕਿ ਲੋਕ ਪਰਮੇਸ਼ੁਰ ਦੇ ਇਸ ਧਰਤੀ ਉੱਤਲੇ ਸਾਰੇ ਕਾਰਜਾਂ
ਨੂੰ ਨਹੀਂ ਸਮਝ ਸਕਦੇ। ਕੋਈ ਬੰਦਾ ਭਾਵੇਂ ਕਿੰਨੀ ਵੀ ਸਮਝਣ ਦੀ
ਕੋਸ਼ਿਸ਼ ਕਰੇ, ਪਰ ਉਹ ਸਮਝ ਨਹੀਂ ਸਕਦਾ। ਭਾਵੇਂ ਸਿਆਣਾ ਬੰਦਾ
ਆਖਦਾ ਹੈ ਕਿ ਉਹ ਪਰਮੇਸ਼ੁਰ ਦੇ ਕਾਰਜਾਂ ਨੂੰ ਸਮਝਦਾ ਹੈ, ਪਰ
ਅਸਲ ਵਿੱਚ ਉਹ ਨਹੀਂ ਸਮਝ ਸਕਦਾ।



### ਕੀ ਮੌਤ ਠੀਕ ਹੈ?

**9** 1ਮੈਂ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਬੜੇ ਧਿਆਨ ਨਾਲ ਸੋਚਿਆ। ਮੈਂ
ਦੇਖਿਆ ਕਿ ਧਰਮੀ ਅਤੇ ਸਿਆਣੇ ਲੋਕ ਜੋ ਕੁਝ ਵੀ ਜੋ ਉਹ ਕਰਦੇ
ਹਨ ਉਹ ਪਰਮੇਸ਼ੁਰ ਦੁਆਰਾ ਨਿਯੰਤ੍ਰਿਤ ਹੁੰਦਾ ਹੈ। ਲੋਕ ਨਹੀਂ ਜਾਣਦੇ ਕਿ
ਉਨ੍ਹਾਂ ਨੂੰ ਪਿਆਰ ਮਿਲੇਗਾ ਜਾਂ ਨਫਰਤ। ਜੋ ਕੁਝ ਵੀ ਉਨ੍ਹਾਂ ਦੇ ਸਾਹਮਣੇ
ਹੈ, ਉਹ ਨਹੀਂ ਜਾਣਦੇ।
2ਇਹ ਵਿਅਰਥ ਹੈ, ਕਿਉਂਕਿ ਸਭ ਲੋਕਾਂ ਉੱਤੇ ਇੱਕੋ ਜਿਹਾ ਬੀਤਦਾ
ਹੈ : ਧਰਮੀ ਅਤੇ ਦੁਸ਼ਟ ਉੱਤੇ, ਨੇਕ ਅਤੇ ਬਦ ਉੱਤੇ, ਪਾਕ ਅਤੇ ਨਾਪਾਕ
ਉੱਤੇ, ਉਹ ਜਿਹੜੇ ਬਲੀਆਂ ਲਿਆਉਂਦੇ ਹਨ ਅਤੇ ਉਹ ਜਿਹੜੇ ਨਹੀਂ
ਲਿਆਉਂਦੇ, ਨਿਆਂਈ ਅਤੇ ਪਾਪੀ ਉੱਤੇ, ਉਹ ਜਿਹੜੇ ਧਾਰਮਿਕ ਸੌਂਹਾਂ
ਖਾਂਦੇ ਹਨ ਅਤੇ ਉਹ ਜਿਹੜੇ ਸੌਂਹਾਂ ਖਾਣ ਤੋਂ ਡਰਦੇ ਹਨ।
3ਇਹ ਬਦੀ ਹੈ ਜੋ ਇਸ ਦੁਨੀਆ ਵਿੱਚ ਕੀਤੇ ਹਰ ਕਾਸੇ ਵਿੱਚ
ਉਪਸਥਿਤ ਹੈ, ਕਿਉਂਕਿ ਸਭ ਲੋਕਾਂ ਤੇ ਇੱਕੋ ਜਿਹੀ ਬੀਤਦੀ ਹੈ।

ਅਤੇ ਇਸ ਜਿੰਦਗੀ ਦੌਰਾਨ ਉਨ੍ਹਾਂ ਦੇ ਇਨਸਾਨੀ ਦਿਲ ਬਦੀ ਅਤੇ
ਬੇਵਕੂਫ਼ੀ ਨਾਲ ਭਰੇ ਹੋਏ ਹਨ। ਅਤੇ ਬਆਦ ਵਿੱਚ ਮੁਰਦਿਆਂ ਨਾਲ
ਮਿਲ ਜਾਂਦੇ ਹਨ। 4ਜਿਹੜਾ ਵੀ ਬੰਦਾ ਹਾਲੇ ਜੀਉਂਦਾ ਹੈ, ਉਸ ਲਈ
ਉਮੀਦ ਹੈ ਕਿ ਕਿਉਂ

ਜੋ ਜੀਉਂਦਾ ਕੁੱਤਾ ਮੁਰਦਾ ਸ਼ੇਰ ਨਾਲੋਂ ਬਿਹਤਰ ਹੈ।

5ਜੀਉਂਦੇ ਲੋਕ ਜਾਣਦੇ ਹਨ ਕਿ ਉਹ ਮਰ ਜਾਣਗੇ, ਪਰ ਇੱਕ
ਮੁਰਦਾ ਬੰਦਾ ਕੁਝ ਵੀ ਨਹੀਂ ਜਾਣਦਾ। ਮੁਰਦਾ ਲੋਕਾਂ ਲਈ ਹੋਰ ਕੋਈ
ਇਨਾਮ ਨਹੀਂ ਹੁੰਦਾ। ਲੋਕੀ ਛੇਤੀ ਹੀ ਇਨ੍ਹਾਂ ਨੂੰ ਭੁੱਲ ਜਾਣਗੇ। 6ਉਨ੍ਹਾਂ
ਦਾ ਪਿਆਰ, ਨਫਰਤ, ਈਰਖਾ, ਸਭ ਕਾਸੇ ਦਾ ਅੰਤ ਹੋ ਜਾਂਦਾ ਹੈ।
ਅਤੇ ਮਰੇ ਹੋਏ ਲੋਕ ਕਦੀ ਵੀ ਉਨ੍ਹਾਂ ਗੱਲਾਂ ਵਿੱਚ ਹਿੱਸਾ ਨਹੀਂ ਲੈ
ਸਕਦੇ ਜਿਹੜੀਆਂ ਧਰਤੀ ਉੱਪਰ ਵਾਪਰਦੀਆਂ ਹਨ।

### ਜਦੋਂ ਤੱਕ ਹੋ ਸਕੇ ਜੀਵਨ ਨੂੰ ਮਾਣੋ

7ਇਸ ਲਈ ਜਾਹ ਅਤੇ ਆਪਣੇ ਭੋਜਨ ਦਾ ਸੁਆਦ ਮਾਣ।
ਆਪਣੀ ਮੈਅ ਪੀ ਅਤੇ ਪ੍ਰਸੰਨ ਹੋਵ। ਕਿਉਂ ਜੋ ਪਰਮੇਸ਼ੁਰ ਤੇਰੀਆਂ
ਕਰਨੀਆਂ ਨਾਲ ਪ੍ਰਸੰਨ ਹੈ। 8ਸੋਹਣੇ ਕੱਪੜੇ ਪਹਿਨ ਅਤੇ ਆਪਣੇ
ਆਪ ਨੂੰ ਸੁੰਦਰ ਬਣਾ। 9ਆਪਣੇ ਵਿਅਰਥ ਦੇ ਜੀਉਣ ਦੇ ਸਾਰੇ
ਦਿਨ ਜਿਹੜੇ ਪਰਮੇਸ਼ੁਰ ਨੇ ਤੈਨੂੰ ਇਸ ਦੁਨੀਆ ਵਿੱਚ ਦਿੱਤੇ ਹਨ,
ਆਪਣੀ ਪਤਨੀ ਦੇ ਨਾਲ ਮੌਜ ਮਾਣ ਜਿਸ ਨੂੰ ਤੂੰ ਪਿਆਰ ਕਰਦਾ
ਹੈਂ, ਕਿਉਂ ਜੋ ਜਿਉਣ ਵਿੱਚ ਧਰਤੀ ਉੱਤੇ ਤੇਰੇ ਕੰਮ ਦੇ ਨਤੀਜੇ ਤੋਂ
ਇਹੀ ਸੀਮਿਤ ਨਫ਼ਾ ਹੈ। 10ਹਰ ਸਮੇਂ ਜਦੋਂ ਤੈਨੂੰ ਕਰਨ ਲਈ
ਕੁਝ ਲੱਭੇ, ਇਸ ਨੂੰ ਆਪਣੀ ਸਮਰਥਾ ਅਨੁਸਾਰ ਕਰ। ਕਿਉਂ
ਜੋ ਕਬਰ ਵਿੱਚ, ਜਿੱਧਰ ਤੂੰ ਪਹਿਲਾਂ ਹੀ ਜਾ ਰਿਹਾ ਹੈਂ, ਉੱਥੇ ਕੋਈ
ਕਿਰਿਆ ਨਹੀਂ, ਮੁਹਾਰਤ, ਸਿਆਣਪ ਜਾਂ ਗਿਆਨ ਦਾ ਕੋਈ
ਮਤਲਬ ਨਹੀਂ।

### ਜੀਵਨ ਦੀ ਅਨਿਸ਼ਚਿਤਤਾ

11ਇਸ ਦੁਨੀਆ ਵਿੱਚ, ਮੈਂ ਵੇਖਿਆ ਕਿ ਤੇਜ਼-ਤਰਾਰ ਦੌੜ ਨਹੀਂ
ਜਿੱਤਦਾ, ਸ਼ਕਤੀਸ਼ਾਲੀ ਜੰਗ ਨਹੀਂ ਜਿੱਤਦਾ, ਸਿਆਣੇ ਨੂੰ ਭੋਜਨ ਨਹੀਂ
ਮਿਲਦਾ, ਚਲਾਕ ਅਮੀਰ ਨਹੀਂ ਬਣਦਾ, ਸਿੱਖਿਆ ਹੋਇਆ ਪ੍ਰਸਿੱਧ
ਨਹੀਂ ਹੁੰਦਾ। ਜਦੋਂ ਬੁਰਾ ਸਮਾਂ ਆਉਂਦਾ, ਹਰ ਇੱਕ ਨਾਲ ਬੁਰੀਆਂ
ਗੱਲਾਂ ਵਾਪਰਦੀਆਂ ਹਨ।

12ਬੰਦਾ ਕਦੇ ਨਹੀਂ ਜਾਣਦਾ ਕਿ ਉਸ ਨਾਲ ਕੀ ਵਾਪਰੇਗਾ। ਉਹ
ਜਾਲ ਵਿੱਚ ਫਸੀ ਹੋਈ ਮੱਛੀ ਵਾਂਗ, ਫੰਦੇ ਵਿੱਚ ਫਸੇ ਹੋਏ ਪੰਛੀ ਵਾਂਗ
ਹੈ, ਆਦਮੀ ਉਨ੍ਹਾਂ ਬੁਰੀਆਂ ਗੱਲਾਂ ਵਿੱਚ ਫਸ ਜਾਂਦਾ ਜਿਹੜੀਆਂ
ਅਚਾਨਕ ਉਸ ਦੇ ਨਾਲ ਵਾਪਰਦੀਆਂ ਹਨ।

### ਸਿਆਣਪ ਦੀ ਸ਼ਕਤੀ

13ਮੈਂ ਇਸ ਦੁਨੀਆ ਵਿੱਚ ਸਿਆਣਪ ਵੀ ਵੇਖੀ, ਜੋ ਮੈਂ ਸੋਚਿਆ ਕਿ
ਸੱਚਮੁੱਚ ਮਹਾਨ ਸੀ। 14ਉੱਥੇ ਇੱਕ ਛੋਟਾ ਜਿਹਾ ਸ਼ਹਿਰ ਸੀ ਜਿਸ
ਵਿੱਚ ਥੋੜੇ ਜਿਹੇ ਬੰਦੇ ਰਹਿੰਦੇ ਸਨ। ਇੱਕ ਮਹਾਨ ਰਾਜੇ ਨੇ ਉਸ
ਸ਼ਹਿਰ ਦੇ ਖਿਲਾਫ਼ ਜੰਗ ਕੀਤੀ ਅਤੇ ਆਪਣੀਆਂ ਫ਼ੌਜਾਂ ਨਾਲ ਉਸ
ਨੂੰ ਘੇਰਾ ਪਾ ਲਿਆ। 15ਪਰ ਉਸ ਸ਼ਹਿਰ ਵਿੱਚ ਇੱਕ ਸਿਆਣਾ ਪਰ
ਗਰੀਬ ਆਦਮੀ ਸੀ। ਉਸ ਨੇ ਆਪਣੀ ਸਿਆਣਪ ਨਾਲ ਸ਼ਹਿਰ
ਨੂੰ ਬਚਾ ਲਿਆ, ਪਰ ਕਿਸੇ ਨੇ ਵੀ ਇਸ ਗਰੀਬ ਆਦਮੀ ਨੂੰ ਯਾਦ
ਨਹੀਂ ਰੱਖਿਆ। 16ਸਿਆਣਪ ਤਾਕਤ ਨਾਲੋਂ ਬਿਹਤਰ ਹੈ, ਪਰ ਇੱਕ
ਗਰੀਬ ਬੰਦੇ ਦੀ ਸਿਆਣਪ ਨੂੰ ਪਸੰਦ ਨਹੀਂ ਕੀਤਾ ਜਾਂਦਾ ਅਤੇ ਕੋਈ
ਵੀ ਨਹੀਂ ਸੁਣਦਾ ਕਿ ਉਹ ਕੀ ਆਖਣਾ ਚਾਹੁੰਦਾ ਹੈ।

17 ਸਿਆਣੇ ਬੰਦੇ ਦੀਆਂ ਗੱਲਾਂ, ਭਾਵੇਂ ਸਾਂਤੀ ਨਾਲ ਆਖੀਆਂ
ਗਈਆਂ ਹੋਣ, ਮੂਰਖਾਂ ਦੇ ਹਾਕਮ ਦੇ ਰੌਲੇ ਨਾਲੋਂ ਵਧੀਕ
ਸੁਣੀਆਂ ਜਾਂਦੀਆਂ ਹਨ।

18 ਸਿਆਣਪ ਤਲਵਾਰਾਂ ਅਤੇ ਨੇਜਿਆਂ ਨਾਲੋਂ ਬਿਹਤਰ ਹੈ।
ਪਰ ਇੱਕ ਇਕੱਲਾ ਮੂਰਖ ਪਾਪੀ ਬਹੁਤ ਸਾਰੀਆਂ ਚੰਗੀਆਂ
ਚੀਜ਼ਾਂ ਨੂੰ ਤਬਾਹ ਕਰ ਸਕਦਾ ਹੈ।

**10** 1ਥੋੜੀਆਂ ਜਿਹੀਆਂ ਮਰੀਆਂ ਹੋਈਆਂ ਮੱਖੀਆਂ ਸਭ
ਤੋਂ ਵਧੀਆ ਸੁਗੰਧੀ ਨੂੰ ਬਰਬਾਦ ਕਰ ਸਕਦੀਆਂ ਹਨ।
ਇਸੇ ਤਰ੍ਹਾਂ ਹੀ, ਥੋੜੀ ਜਿਹੀ ਮੂਰਖਤਾ ਬਹੁਤ ਵੱਡੀ ਸਿਆਣਪ ਅਤੇ
ਇੱਜ਼ਤ ਨੂੰ ਤਬਾਹ ਕਰ ਸਕਦੀ ਹੈ।

2ਸਿਆਣੇ ਬੰਦੇ ਦੇ ਵਿਚਾਰ ਉਸ ਦੀ ਸਹੀ ਰਸਤੇ ਉੱਤੇ ਅਗਵਾਈ
ਕਰਦੇ ਹਨ। ਪਰ ਮੂਰਖ ਬੰਦੇ ਦੇ ਵਿਚਾਰ ਉਸ ਦੀ ਗ਼ਲਤ ਰਸਤੇ ਵੱਲ
ਅਗਵਾਈ ਕਰਦੇ ਹਨ। 3ਜਦੋਂ ਮੂਰਖ ਬੰਦਾ ਸੜਕ ਤੇ ਵੀ ਤੁਰ ਰਿਹਾ
ਹੁੰਦਾ ਹੈ ਉਹ ਆਪਣੀ ਮੂਰਖਤਾ ਪਰਗਟ ਕਰਦਾ ਹੈ। ਉਹ ਇਹ ਸਭ
ਲਈ ਸਾਫ਼ ਕਰ ਦਿੰਦਾ ਕਿ ਉਹ ਮੂਰਖ ਹੈ।

4ਜੇਕਰ ਸ਼ਾਸਕ ਤੁਹਾਡੇ ਤੇ ਨਰਾਜ਼ ਹੋ ਜਾਵੇ, ਉਸ ਕੋਲੋਂ ਰੁੱਖੇਪਣ
ਵਿੱਚ ਨਾ ਚਲੇ ਜਾਵੇ। ਜੇ ਤੂੰ ਸ਼ਾਤ ਅਤੇ ਮਦਦਗਾਰ ਬਣਿਆ ਰਹੇ ਤਾਂ
ਤੂੰ ਵੱਡੀਆਂ ਗਲਤੀਆਂ ਵੀ ਸੁਧਾਰ ਸਕਦਾ ਹੈਂ।

5ਇੱਥੇ ਇੱਕ ਹੋਰ ਬਦੀ ਹੈ ਜਿਹੜੀ ਮੈਂ ਇਸ ਦੁਨੀਆ ਵਿੱਚ ਵੇਖੀ ਹੈ
ਅਤੇ ਇਹ ਉਹ ਗੱਲ ਹੈ ਜਿਹੜੀ ਸ਼ਾਸਕ ਕਰਦੇ ਹਨ: 6ਮੂਰਖ ਬੰਦਿਆਂ
ਨੂੰ ਮਹੱਤਵਪੂਰਣ ਥਾਵਾਂ ਮਿਲਦੀਆਂ ਹਨ, ਜਦੋਂ ਕਿ ਅਮੀਰ ਆਦਮੀਆਂ
ਨੂੰ ਉਹ ਨੌਕਰੀਆਂ ਮਿਲਦੀਆਂ ਹਨ ਜਿਹੜੀਆਂ ਮਹੱਤਵਪੂਰਣ ਨਹੀਂ।
7ਮੈਂ ਅਜਿਹੇ ਲੋਕਾਂ ਨੂੰ ਘੋੜੇ ਉੱਤੇ ਸਵਾਰੀ ਕਰਦਿਆਂ ਦੇਖਿਆ ਹੈ ਜਿਨ੍ਹਾਂ
ਨੂੰ ਨੌਕਰ ਹੋਣਾ ਚਾਹੀਦਾ ਹੈ, ਜਦੋਂ ਕਿ ਉਹ ਲੋਕ ਜਿਨ੍ਹਾਂ ਨੂੰ ਹਾਕਮ ਹੋਣਾ
ਚਾਹੀਦਾ ਹੈ (ਉਨ੍ਹਾਂ ਦੇ ਨਾਲ ਗੁਲਾਮਾਂ ਵਾਂਗ) ਤੁਰਦਿਆਂ ਦੇਖਿਆ ਹੈ।

### ਹਰ ਕੰਮ ਦੇ ਆਪਣੇ ਖਤਰੇ ਹੁੰਦੇ ਹਨ

8ਉਹ ਬੰਦਾ ਜਿਹੜਾ ਟੋਆ ਪੁੱਟਦਾ ਹੈ ਉਹ ਖੁਦ ਹੀ ਉਸ ਵਿੱਚ ਡਿੱਗ
ਸਕਦਾ ਹੈ। ਉਹ ਬੰਦਾ ਜਿਹੜਾ ਕੰਧ ਢਾਹੁੰਦਾ ਹੈ, ਹੋ ਸਕਦਾ ਹੈ ਉਸ
ਨੂੰ ਸੱਪ ਡੰਗ ਲਵੇ। 9ਉਹ ਬੰਦਾ ਜਿਹੜਾ ਵੱਡੇ ਪੱਥਰ ਨੂੰ ਸਰਕਾਉਂਦਾ
ਹੈ ਹੋ ਸਕਦਾ ਹੈ ਉਹ ਉਨ੍ਹਾਂ ਰਾਹੀਂ ਜ਼ਖਮੀ ਹੋ ਜਾਵੇ। ਅਤੇ ਉਹ ਬੰਦਾ
ਜਿਹੜਾ ਰੁੱਖ ਨੂੰ ਕੱਟਦਾ ਹੈ, ਖਤਰੇ ਵਿੱਚ ਹੈ, ਰੁੱਖ ਉਸ ਦੇ ਆਪਣੇ
ਉੱਪਰ ਵੀ ਡਿੱਗ ਸਕਦਾ ਹੈ।

10ਪਰ ਸਿਆਣਪ ਕਿਸੇ ਵੀ ਕੰਮ ਨੂੰ ਆਸਾਨ ਬਣਾ ਦੇਵੇਗੀ।
ਖੁੰਢੇ ਚਾਕੂ ਨੂੰ ਵਰਤ ਕੇ ਕੱਟਣਾ ਬੜਾ ਔਖਾ ਹੈ, ਪਰ ਜੇ ਕੋਈ ਬੰਦਾ
ਇਸ ਨੂੰ ਤੇਜ਼ ਕਰ ਲੈਂਦਾ ਹੈ, ਤਾਂ ਕੰਮ ਆਸਾਨ ਹੋ ਜਾਂਦਾ ਹੈ ਇਹੀ
ਸਿਆਣਪ ਦਾ ਲਾਭ ਹੈ।

11ਭਾਵੇਂ ਕੋਈ ਬੰਦਾ ਸੱਪਾਂ ਨੂੰ ਕਾਬੂ ਕਰਨਾ ਜਾਣਦਾ ਹੋਵੇ। ਪਰ ਫ਼ਿਜ਼ੂਲ
ਹੈ ਜੇ ਉਸ ਦੇ ਨੇੜੇ ਨਾ ਹੁੰਦਿਆਂ ਕਿਸੇ ਨੂੰ ਸੱਪ ਡਸ ਲਵੇ।

12 ਸਿਆਣੇ ਬੰਦੇ ਦੇ ਸ਼ਬਦ ਵਡਿਆਈ ਲਿਆਉਂਦੇ ਹਨ, ਪਰ
ਮੂਰਖ ਬੰਦੇ ਦੇ ਸ਼ਬਦ ਤਬਾਹੀ ਲਿਆਉਂਦੇ ਹਨ।

13ਮੂਰਖ, ਮੂਰਖਤਾ ਭਰੀਆਂ ਗੱਲਾਂ ਕਹਿ ਕੇ ਸ਼ੁਰੂ ਕਰਦਾ ਹੈ। ਪ੍ਰੰਤੂ
ਅੰਤ ਵਿੱਚ ਪਾਗਲਪਨ ਅਤੇ ਬੁਰੀਆਂ ਗੱਲਾਂ ਕਰਦਾ ਹੈ। 14ਮੂਰਖ

ਬੰਦਾ ਹਰ ਵੇਲੇ ਗੱਲਾਂ ਕਰਦਾ ਰਹਿੰਦਾ ਹੈ ਕਿ ਉਹ ਕੀ ਕਰੇਗਾ ਪਰ ਕੋਈ ਵੀ ਨਹੀਂ ਜਾਣਦਾ ਭਵਿੱਖ ਵਿੱਚ ਕੀ ਵਾਪਰੇਗਾ। ਕੋਈ ਨਹੀਂ ਕਹਿ ਸਕਦਾ ਕਿ ਬਾਦ ਵਿੱਚ ਕੀ ਹੋਵੇਗਾ।

15 ਮੂਰਖ ਬੰਦਾ ਇੰਨਾ ਚਤੁਰ ਨਹੀਂ ਕਿ ਆਪਣੇ ਘਰ ਦਾ
ਰਾਹ ਲੱਭ ਸਕੇ, ਇਸ ਲਈ ਉਸ ਨੂੰ ਜੀਵਨ ਭਰ ਸਖਤ
ਮਿਹਨਤ ਕਰਨੀ ਪੈਂਦੀ ਹੈ।

### ਕੰਮ ਦੀ ਕਦਰ

16ਜਿਸ ਦੇਸ ਦਾ ਰਾਜਾ ਬੱਚਾ ਹੈ ਉਸ ਦੇਸ ਲਈ ਅਤੇ ਜਿਸ ਦੇ
ਸੱਜਣ ਆਪਣਾ ਸਾਰਾ ਸਮਾਂ ਖਾਣ ਪੀਣ ਵਿੱਚ ਬਿਤਾਉਂਦੇ ਹਨ ਇਹ
ਬੁਰੀ ਗੱਲ ਹੈ। 17ਪਰ ਜੇ ਰਾਜਾ ਕਿਸੇ ਨੇਕ ਖਾਨਦਾਨ ਵਿੱਚੋਂ ਆਉਂਦਾ
ਹੈ ਤਾਂ ਉਸ ਦੇਸ ਲਈ ਇਹ ਬਹੁਤ ਸ਼ੁਭ ਗੱਲ ਹੈ। ਜੇਕਰ ਇਸ ਦੇ
ਸੱਜਣ ਜਾਣਦੇ ਹਨ ਕਿ ਕਦੋਂ ਖਾਣਾ ਪੀਣਾ ਹੈ। ਉਹ ਤਕੜੇ ਹੋਣ ਲਈ
ਖਾਂਦੇ ਹਨ, ਨਾ ਕਿ ਅਨੰਦ ਮਨਾਉਣ ਅਤੇ ਸ਼ਰਾਬੀ ਹੋਣ ਲਈ।

18 ਜੇ ਕੋਈ ਬੰਦਾ ਆਲਸੀ ਹੈ ਤਾਂ ਉਸ ਦਾ ਘਰ ਚੋਣਾ ਸ਼ੁਰੂ ਹੋ
ਜਾਵੇਗਾ, ਅਤੇ ਛੱਤ ਡਿੱਗ ਪਵੇਗੀ।

19ਲੋਕ ਖਾਣਾ ਪਸੰਦ ਕਰਦੇ ਹਨ, ਅਤੇ ਮੈਅ ਉਨ੍ਹਾਂ ਦੇ ਜੀਵਨ ਨੂੰ ਪ੍ਰਸੰਨ ਬਣਾਉਂਦੀ ਹੈ। ਅਤੇ ਪੈਸੇ ਨਾਲ ਬਹੁਤ ਸਾਰੀਆਂ ਸੁਲਝ ਜਾਂਦੀਆਂ ਹਨ।

### ਨਿੰਦਿਆ

20ਰਾਜੇ ਦੀ ਨਿੰਦਿਆ ਨਾ ਕਰ, ਆਪਣੀਆਂ ਸੋਚਾਂ ਵਿੱਚ ਵੀ ਨਹੀਂ। ਅਤੇ ਭਾਵੇਂ ਤੂੰ ਘਰ ਵਿੱਚ ਇਕੱਲਾ ਹੀ ਹੋਵੇਂ, ਅਮੀਰਾਂ ਬਾਰੇ ਬੁਰਾ ਨਾ ਬੋਲ। ਕਿਉਂਕਿ ਹੋ ਸਕਦਾ ਕਿ ਇੱਕ ਛੋਟਾ ਜਿਹਾ ਪੰਛੀ ਹੀ ਉੱਡ ਕੇ ਉਨ੍ਹਾਂ ਨੂੰ ਉਹ ਦੱਸ ਦੇਵੇ ਜੋ ਤੂੰ ਆਖਿਆ ਸੀ।

### ਹਿੰਮਤ ਨਾਲ ਭਵਿੱਖ ਦਾ ਸਾਹਮਣਾ ਕਰੋ

11 1ਆਪਣੀ ਰੋਟੀ ਪਾਣੀਆਂ ਉੱਪਰ ਸੁੱਟ ਦੇਹ, ਕਿਉਂ ਜੋ
ਸ਼ਾਇਦ ਕਈਆਂ ਦਿਨਾਂ ਬਾਦ ਤੂੰ ਉਸ ਨੂੰ ਲੱਭ ਲਵੇਂਗਾ।
2ਜੋ ਕੁਝ ਤੇਰੇ ਪਾਸ ਹੈ ਉਸ ਨੂੰ ਵੱਖ-ਵੱਖ ਚੀਜ਼ਾਂ ਵਿੱਚ ਲਗਾਓ।
ਤੁਸੀਂ ਨਹੀਂ ਜਾਣਦੇ ਕਿ ਧਰਤੀ ਉੱਤੇ ਕਿਹੋ ਜਿਹੀਆਂ ਬੁਰੀਆਂ ਗੱਲਾਂ
ਵਾਪਰ ਸਕਦੀਆਂ ਹਨ।
3ਕੁਝ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਬਾਰੇ ਤੁਸੀਂ ਪੱਕ ਕਰ ਸਕਦੇ
ਹੋ। ਜੇ ਬੱਦਲ ਪਾਣੀ ਨਾਲ ਭਰੇ ਹੋਏ ਹਨ, ਤਾਂ ਬਾਰਿਸ਼ ਹੋਵੇਗੀ। ਜੇ
ਰੁੱਖ ਦੱਖਣ ਵੱਲ ਜਾਂ ਉੱਤਰ ਵੱਲ ਡਿੱਗਦਾ ਹੈ, ਤਾਂ ਇਹ ਜਿੱਥੇ ਡਿੱਗਦਾ
ਹੈ ਉੱਥੇ ਹੀ ਪਿਆ ਰਹੇਗਾ।
4ਪਰ ਕੁਝ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਬਾਰੇ ਤੁਸੀਂ ਪੱਕ ਨਹੀਂ
ਕਰ ਸਕਦੇ ਤੁਸੀਂ ਸਿਰਫ ਅੰਦਾਜ਼ਾ ਹੀ ਲਾ ਸਕਦੇ ਹੋ। ਜੇ ਕੋਈ ਬੰਦਾ
ਸਭ ਤੋਂ ਢੁਕਵੇਂ ਮੌਸਮ ਦਾ ਇੰਤਜ਼ਾਰ ਕਰਦਾ ਹੈ, ਫ਼ੇਰ ਹੋ ਸਕਦਾ ਉਹ
ਕਦੇ ਵੀ ਬੀਜ ਬੀਜਣ ਦੇ ਯੋਗ ਨਾ ਹੋਵੇਗਾ। ਅਤੇ ਜੇ ਕੋਈ ਬੰਦਾ
ਇਸ ਗੱਲੋ ਡਰਦਾ ਹੈ ਕਿ ਬੱਦਲ ਹੈ, ਤੇ ਬਾਰਿਸ਼ ਹੋਵੇਗੀ, ਹੋ ਸਕਦਾ,
ਫ਼ੇਰ ਉਹ ਕਦੇ ਵੀ ਵਾਢੀ ਕਰਨ ਦੇ ਯੋਗ ਨਾ ਹੋਵੇ।
5ਬਿਲਕੁਲ ਜਿਵੇਂ ਤੁਸੀਂ ਨਹੀਂ ਜਾਣਦੇ ਕਿ ਕਿਵੇਂ ਇੱਕ ਬੱਚਾ
ਆਪਣੀ ਮਾਂ ਦੇ ਗਰਭ ਵਿੱਚ ਸਾਹ ਲੈਂਦਾ, ਇਸੇ ਤਰ੍ਹਾਂ, ਤੁਸੀਂ ਨਹੀਂ
ਜਾਣਦੇ ਕਿ ਪਰਮੇਸ਼ੁਰ ਕੀ ਕਰੇਗਾ। ਅਤੇ ਉਹ ਹਰ ਗੱਲ ਦੇ ਵਾਪਰਨ
ਲਈ ਜਿੰਮੇਵਾਰ ਹੈ।
6ਇਸੇ ਲਈ, ਸਵੇਰੇ ਸੁਵਖਤੇ ਹੀ ਬੀਜ ਬੀਜਣਾ ਸ਼ੁਰੂ ਕਰੋ ਅਤੇ
ਸ਼ਾਮ ਤੱਕ ਕੰਮ ਕਰਦੇ ਰਹੋ। ਤੁਸੀਂ ਨਹੀਂ ਜਾਣਦੇ ਕਿ ਕੀ ਸਵੇਰ ਦਾ
ਬੀਜ ਸਫ਼ਲ ਹੋਵੇਗਾ ਕਿ ਸ਼ਾਮ ਦਾ ਬੀਜ, ਜਾਂ ਬਲਕਿ ਦੋਵੇਂ।
7ਜੀਉਂਦੇ ਰਹਿਣਾ ਸ਼ੁਭ ਹੈ! ਸੂਰਜ ਦੀ ਰੌਸ਼ਨੀ ਦੇਖਣਾ ਚੰਗਾ ਹੈ,
8ਸੱਚਮੁੱਚ, ਜੇ ਕੋਈ ਵਿਅਕਤੀ ਬਹੁਤੇ ਸਾਲਾਂ ਲਈ ਜੀਉਂਦਾ ਰਹੇ, ਹੋ
ਸਕਦਾ ਉਹ ਉਨ੍ਹਾਂ ਸਾਰਿਆਂ ਸਾਲਾਂ ਵਿੱਚ ਖੁਸ਼ ਹੋਵੇ, ਪਰ ਉਹ ਹਨੇਰੇ
ਦੇ ਦਿਨਾਂ ਬਾਰੇ ਸੋਚੇ, ਕਿਉਂ ਜੋ ਇਹ ਬਹੁਤ ਸਾਰੇ ਹੋਣਗੇ, ਜੋ ਸਭ ਕੁਝ
ਆ ਰਿਹਾ ਵਿਅਰਥ ਹੈ।

### ਜਦੋਂ ਤੱਕ ਜਵਾਨ ਹੋ, ਪਰਮੇਸ਼ੁਰ ਦੀ ਸੇਵਾ ਕਰੋ

9ਇਸੇ ਲਈ ਨੌਜਵਾਨੋ, ਜਦੋਂ ਤੱਕ ਜਵਾਨ ਹੋ ਅਨੰਦ ਮਾਣੋ। ਪ੍ਰਸੰਨ
ਹੋਵੋ! ਉਹੀ ਕੁਝ ਕਰੋ ਜਿਸ ਲਈ ਤੁਹਾਡਾ ਦਿਲ ਤੁਹਾਡੀ ਅਗਵਾਈ
ਕਰਦਾ ਹੈ। ਪਰ ਚੇਤੇ ਰੱਖੋ ਕਿ ਤੁਹਾਡੇ ਹਰ ਕੰਮ ਲਈ ਪਰਮੇਸ਼ੁਰ
ਤੁਹਾਡਾ ਨਿਆਂ ਕਰੇਗਾ। 10ਆਪਣੇ ਗੁੱਸੇ ਨੂੰ ਆਪਣੇ ਉੱਤੇ ਕਾਬੂ ਨਾ
ਪਾਉਣ ਦੇਹ। ਅਤੇ ਆਪਣੇ ਸਰੀਰ ਨੂੰ ਪਾਪ ਵੱਲ ਨਾ ਪਰਤਣ ਦੇਹ।
ਕਿਉਂ ਜੋ ਜਵਾਨੀ ਅਤੇ ਬਾਲਕਪੁਣਾ ਦੋਵੇਂ ਵਿਅਰਥ ਹਨ।

### ਬਿਰਧ ਉਮਰ ਦੀਆਂ ਸਮੱਸਿਆਵਾਂ

12 1ਆਪਣੀ ਜਵਾਨੀ ਦੇ ਦਿਨਾਂ ਵਿੱਚ ਆਪਣੇ ਸਿਰਜਣਹਾਰੇ
ਨੂੰ ਯਾਦ ਰੱਖ, ਜਦ ਕਿ ਉਹ ਬੁਰੇ ਦਿਨ ਅਜੇ ਨਹੀਂ, ਅਤੇ
ਉਹ ਵਰ੍ਹੇ ਅਜੇ ਨਹੀਂ ਆਈ ਆਏ ਜਦੋਂ ਤੂੰ ਆਖੇਂਗਾ: "ਮੈਨੂੰ ਜ਼ਿੰਦਗੀ
ਵਿੱਚ ਹੋਰ ਕੋਈ ਪ੍ਰਸੰਨਤਾ ਨਹੀਂ।"
2ਇਸ ਤੋਂ ਪਹਿਲਾਂ ਕਿ ਸੂਰਜ, ਚੰਦ ਅਤੇ ਤਾਰੇ ਅੰਧਕਾਰ ਬਣ
ਜਾਣ। ਅਤੇ ਬੱਦਲ ਇੱਕ ਤੂਫਾਨ ਤੋਂ ਬਾਦ ਦੂਸਰੇ ਤੂਫਾਨ ਵਾਂਗ
ਆਉਣ।
3ਜਦੋਂ ਤੇਰੀਆਂ ਬਾਹਾਂ ਦੀ ਤਾਕਤ ਖਤਮ ਹੋ ਜਾਵੇਗੀ, ਤੇਰੀਆਂ
ਲੱਤਾਂ ਕਮਜ਼ੋਰ ਹੋ ਕੇ ਝੁਕ ਜਾਣਗੀਆਂ। ਤੇਰੇ ਦੰਦ ਡਿੱਗ ਜਾਣਗੇ
ਤੇਰੀਆਂ ਅੱਖਾਂ ਮੱਧਮ ਹੋ ਜਾਣਗੀਆਂ। 4ਤੇਰੀ ਸੁਣਨ ਦੀ ਸ਼ਕਤੀ
ਕਮਜ਼ੋਰ ਹੋ ਜਾਵੇਗੀ। ਤੈਨੂੰ ਗਲੀਆਂ ਦਾ ਸ਼ੋਰ ਵੀ ਸੁਣਾਈ ਨਹੀਂ
ਦੇਵੇਗਾ। ਤੇਰੇ ਲਈ ਆਟਾ ਪੀਹਣ ਵਾਲੀ ਚੱਕੀ ਦੀ ਅਵਾਜ਼ ਵੀ
ਖਾਮੋਸ਼ੀ ਵਰਗੀ ਹੋਵੇਗੀ। ਤੂੰ ਗੀਤ ਗਾਉਂਦੀਆਂ ਔਰਤਾਂ ਨੂੰ ਵੀ ਨਹੀਂ
ਸੁਣ ਸਕੇਂਗਾ। ਪਰ ਤੈਨੂੰ ਗਾਉਂਦੇ ਪੰਛੀ ਦੀ ਅਵਾਜ਼ ਵੀ ਬਹੁਤ ਸਵੇਰੇ
ਜਗਾ ਦੇਵੇਗੀ ਕਿਉਂਕਿ ਤੂੰ ਸੌਂ ਹੀ ਨਹੀਂ ਸਕੇਂਗਾ।
5ਤੈਨੂੰ ਉੱਚੀਆਂ ਥਾਵਾਂ ਤੋਂ ਡਰ ਲੱਗੇਗਾ। ਤੂੰ ਰਸਤੇ ਦੀ ਛੋਟੀ ਜਿਹੀ
ਚੀਜ਼ ਤੋਂ ਵੀ ਠੇਡਾ ਖਾ ਕੇ ਡਿਗਣ ਤੋਂ ਵੀ ਡਰੇਂਗਾ। ਤੇਰੇ ਵਾਲ ਅਖਰੋਟ
ਦੇ ਫੁੱਲਾਂ ਵਾਂਗ ਸਫੇਦ ਹੋ ਜਾਣਗੇ। ਚੱਲਣ ਵੇਲੇ ਘਾਹ ਦੇ ਟਿੱਡੇ ਵਾਂਗ
ਆਪਣੇ-ਆਪ ਨੂੰ ਘਸੀਟੇਂਗਾ ਅਤੇ ਤੇਰੀ ਇੱਛਿਆ ਮਿੱਟ ਜਾਵੇਗੀ।
ਤਾਂ ਆਦਮੀ ਆਪਣੇ ਸਦੀਵੀ ਘਰ ਨੂੰ ਤੁਰ ਜਾਂਦਾ। ਜਦੋਂ ਕਿ ਤੇਰੀ
ਲੋਥ ਨੂੰ ਚੁੱਕਣ ਵਾਲੇ ਲੋਕ ਗਲੀਆਂ ਵਿੱਚ ਇਕੱਠੇ ਹੋ ਜਾਣਗੇ ਜਦੋਂ
ਉਹ ਤੇਰੀ ਲੋਥ ਨੂੰ ਕਬਰ ਵੱਲ ਲੈ ਜਾਣਗੇ।

### ਮੌਤ

6 ਜਦੋਂ ਅਜੇ ਤੂੰ ਜਵਾਨ ਹੈਂ ਆਪਣੇ ਸਿਰਜਣਹਾਰ ਨੂੰ ਚੇਤੇ
ਰੱਖ, ਇਸ ਤੋਂ ਪਹਿਲਾਂ ਕਿ ਚਾਂਦੀ ਦੀ ਜੰਜੀਰੀ ਟੁੱਟ ਜਾਵੇ
ਅਤੇ ਸੋਨੇ ਦਾ ਭਾਂਡਾ ਟੁੱਟ ਜਾਵੇ, ਝਰਨੇ ਤੇ ਘੜੇ ਵਾਂਗ,
ਅਤੇ ਪਹੀਆ ਦਾ, ਹੇਠਾਂ ਖੂਹ ਵੱਲ ਭੱਜਣ ਵਾਂਗ।
7 ਅਤੇ ਉਹ ਧਰਤੀ ਧੂੜ ਵਿੱਚ ਵਾਪਸ ਚਲਿਆ ਜਾਵੇ ਜਿਸ

ਵਿੱਚੋਂ ਉਹ ਆਇਆ, ਅਤੇ ਉਸ ਦੇ ਸਾਹ ਪਰਮੇਸ਼ੁਰ ਕੋਲ ਮੁੜ ਜਾਣ, ਜਿਸ ਨੇ ਇਸ ਨੂੰ ਦਿੱਤਾ।

8ਪੂਰੀ ਤਰ੍ਹਾਂ ਵਿਅਰਥ, ਉਪਦੇਸ਼ਕ ਨੇ ਆਖਿਆ, "ਸਭ ਕੁਝ ਵਿਅਰਥ ਹੈ।"

## ਸਿੱਟਾ

9ਉਪਦੇਸ਼ਕ ਬਹੁਤ ਸਿਆਣਾ ਸੀ। ਉਸ ਨੇ ਲੋਕਾਂ ਨੂੰ ਗਿਆਨ, ਸਿੱਖਾਇਆ, ਅਤੇ ਧਿਆਨ ਨਾਲ ਅਧਿਐਨ ਕਰਨ ਤੋਂ ਬਾਦ ਬਹੁਤ ਸਾਰੀਆਂ ਕਹਾਉਤਾਂ ਇਕੱਠੀਆਂ ਕੀਤੀਆਂ। 10ਉਪਦੇਸ਼ਕ ਨੇ ਸਹੀ ਸ਼ਬਦਾਂ ਦੀ ਚੋਣ ਕਰਨ ਲਈ ਸਖਤ ਮਿਹਨਤ ਕੀਤੀ। ਅਤੇ ਉਸ ਨੇ ਉਹ ਸਿੱਖਿਆਵਾਂ ਲਿਖੀਆਂ ਜਿਹੜੀਆਂ ਸੱਚੀਆਂ ਹਨ ਤੇ ਭਰੋਸੇ ਯੋਗ ਹਨ।

11ਸਿਆਣੇ ਆਦਮੀਆਂ ਦੇ ਸ਼ਬਦ ਉਤਸਾਹ ਵਾਂਗ ਹੁੰਦੇ ਹਨ। ਉਨ੍ਹਾਂ ਦੀਆਂ ਸਿੱਖਿਆਵਾਂ ਮਜ਼ਬੂਤ ਮੇਖਾਂ ਵਾਂਗ ਹੁੰਦੀਆਂ ਹਨ ਜੋ ਕਦੇ ਨਹੀਂ ਟੁੱਟਦੀਆਂ ਅਤੇ ਆਜੜੀ ਦੁਆਰਾ ਇੱਕ ਜਗ੍ਹਾ ਤੇ ਪਾਈਆਂ ਜਾਂਦੀਆਂ ਹਨ। 12ਇਸ ਲਈ ਮੇਰੇ ਪੁੱਤਰ, ਉਨ੍ਹਾਂ ਸਿੱਖਿਆਵਾਂ ਦਾ ਅਧਿਐਨ ਕਰ, ਪਰ ਹੋਰਨਾਂ ਕਿਤਾਬਾਂ ਤੋਂ ਸਾਵਧਾਨ ਰਹੋ। ਲੋਕ ਕਦੇ ਵੀ ਕਿਤਾਬਾਂ ਲਿਖਣੀਆਂ ਬੰਦ ਨਹੀਂ ਕਰਦੇ, ਅਤੇ ਬਹੁਤ ਜ਼ਿਆਦਾ ਪੜ੍ਹਾਈ ਤੈਨੂੰ ਥਕਾ ਦੇਵੇਗੀ।

13-14ਹੁਣ, ਸਾਨੂੰ ਉਨ੍ਹਾਂ ਸਾਰੀਆਂ ਗੱਲਾਂ ਤੋਂ ਕੀ ਸਿੱਖਣਾ ਚਾਹੀਦਾ ਹੈ ਜਿਹੜੀਆਂ ਇਸ ਕਿਤਾਬ ਵਿੱਚ ਲਿਖੀਆਂ ਹਨ? ਸਭ ਤੋਂ ਮਹੱਤਵਪੂਰਣ ਗੱਲ ਜਿਹੜੀ ਕੋਈ ਬੰਦਾ ਕਰ ਸਕਦਾ ਹੈ ਉਹ ਹੈ ਪਰਮੇਸ਼ੁਰ ਕੋਲੋਂ ਡਰ ਅਤੇ ਉਸ ਦੀਆਂ ਆਗਿਆ ਨੂੰ ਮੰਨ। ਕਿਉਂਕਿ ਪਰਮੇਸ਼ੁਰ ਉਨ੍ਹਾਂ ਸਾਰੀਆਂ ਗੱਲਾਂ ਬਾਰੇ ਜਾਣਦਾ ਹੈ ਜਿਹੜੀਆਂ ਲੋਕੀਂ ਕਰਦੇ ਹਨ। ਗੁਪਤ ਗੱਲਾਂ ਬਾਰੇ ਵੀ। ਉਹ ਸਾਰੀਆਂ ਨੇਕੀ ਵਾਲੀਆਂ ਗੱਲਾਂ ਬਾਰੇ ਅਤੇ ਸਾਰੀਆਂ ਬਦੀ ਵਾਲੀਆਂ ਗੱਲਾਂ ਨੂੰ ਜਾਣਦਾ ਹੈ ਉਹ ਲੋਕਾਂ ਦੇ ਹਰ ਅਮਲ ਦਾ ਨਿਆਂ ਕਰੇਗਾ।

## ਨੋਟਸ